
ਦਿਲ ਦੀ ਕਿਤਾਬ 'ਚੋਂ



ਗੁਰਮੰਗਤ ਗ਼ਾਫ਼ਲ

ਦਿਲ ਦੀ ਕਿਤਾਬ 'ਚੋਂ

ਦਿਲ ਦੀ ਕਿਤਾਬ ’ਚੋਂ

ਗੁਰਮੰਗਤ ਗ਼ਾਫ਼ਲ

ਉਡਾਨ ਪਬਲੀਕੇਸ਼ਨਜ਼, ਮਾਨਸਾ

2010

ISBN-978-93-80672-22-9

Udaan Publications,
Mansa-151505, India.
01652-233087, 098148-09219
udaan123@rediffmail.com
Printed & Bound at Lucky Enterprises, Delhi

Dil Di Kitab Vichon

By Gurmanget Gafal
#123, V.P.o-Moriwala-125060 (Sirsa) Haryana
Mob.: 098968-00786

ਵਿਸ਼ੇਸ਼ ਧੰਨਵਾਦ

ਸੱਜਦੇ ਵਜੋਂ ਨਿਮਾਣੇ ਜਹੇ ਦਾਸ ਦੇ ਇਸ ਉਪਰਾਲੇ ਨੂੰ ਪੂਰ ਚੜ੍ਹਾਉਣ ਵਿੱਚ ਜੀਹਨਾ ਬੁੱਧੀਜੀਵੀਆਂ ਨੇ ਪਿਛੋਕੜ-ਪੜਚੋਲ ਵਿੱਚ ਮੈਂ 'ਗ਼ਾਫ਼ਲ' ਲਈ ਆਪਣਾਂ ਕੀਮਤੀ ਸਮਾਂ ਕੱਢ ਕੇ ਪੁਰਜ਼ੋਰ ਸਹਿਯੋਗ ਦਿੱਤਾ ਹੈ। ਦਾਸ ਇਹਨਾ ਸਭਨਾ ਦਾ ਤਹਿਦਿਲੋਂ ਸ਼ੁਕਰਗੁਜ਼ਾਰ ਹੈ। ਜੀਹਨਾਂ ਵਿਚੋਂ ਕੁੱਝ ਚੋਣਵੇ ਸਿਰਨਾਂਵਿਆਂ ਦੀ ਚੋਂਣ ਕੀਤੀ ਗਈ ਹੈ।

1. ਹਲਕਾ ਪਟਵਾਰੀ ਮਿਲਖ਼ ਰਾਜ ਪੁੱਤਰ ਸ੍ਰੀ ਲੇਖ਼ ਰਾਜ
ਪਿੰਡ - ਐਹਲੀਸਦਰ
ਜਿਲ੍ਹਾ - ਫਤਿਹਾਬਾਦ
2. ਰਿਟਾ. ਵਿੰਗ ਕਮਾਂਡਰ ਸਤਬੀਰ ਸਿੰਘ ਪੁੱਤਰ ਸ: ਸੁਬਦੇਵ ਸਿੰਘ
ਪਿੰਡ - ਮੋਰੀਵਾਲਾ
ਜਿਲ੍ਹਾ - ਸਰਸਾ
3. ਸ: ਜੋਗਿੰਦਰ ਸਿੰਘ ਪੁੱਤਰ ਸ: ਹਜ਼ਾਰਾ ਸਿੰਘ
(ਗੁਰੂਚੱਕੀਏ)
ਪਿੰਡ - ਹਾਰਨੀ
ਜਿਲ੍ਹਾ - ਸਰਸਾ
4. ਬੀਬੀ ਚਰਨਜੀਤ ਕੌਰ
(ਧਰਮ ਪਤਨੀ ਸ਼ਹੀਦ ਸਰਤਾਜ਼ ਸਵ: ਅਮਰਜੀਤ ਸਿੰਘ ਸੰਧੂ)
ਪਿੰਡ - ਮੋਰੀਵਾਲਾ
ਜਿਲ੍ਹਾ - ਸਰਸਾ
5. ਗਿਆਨੀ ਕਰਤਾਰ ਸਿੰਘ ਜੀ (ਪੁਰਾਣੇ ਵਸਨੀਕ)
ਪਿੰਡ - ਮੋਰੀਵਾਲਾ
ਜਿਲ੍ਹਾ - ਸਰਸਾ

6. ਸ: ਪ੍ਰੀਤਮ ਸਿੰਘ ਪੁੱਤਰ ਸ: ਦਿਆਲ ਸਿੰਘ
ਪਿੰਡ - ਮੋਰੀਵਾਲਾ
ਜਿਲ੍ਹਾ - ਸਰਸਾ

7. ਸ੍ਰੀ ਪ੍ਰੇਮ ਕੁਮਾਰ ਪੁੱਤਰ ਸ੍ਰੀ ਹੰਸ ਰਾਜ ਸੈਨੀ
ਪਿੰਡ - ਮੋਰੀਵਾਲਾ
ਜਿਲ੍ਹਾ - ਸਰਸਾ

ਤਤਕਰਾ

ਅਵਲ ਉਸਤਤ ਸਿਰਜਨਹਾਰ ਮੰਗਲਾਚਰਨ ਤੋਂ ਮੁਖ਼ਾਤਿਬ ਨਿਮਾਣੇ ਦਾਸਨ ਦਾਸ ਗੁਰਮੰਗਤ 'ਗ਼ਾਫ਼ਲ' ਦੀ ਅਰਜ਼ ਅਤੇ ਸ਼ਹਿਨਸ਼ਾਹ ਨੂੰ ਨਿਮਾਣਾ ਜਿਹਾ ਸੱਜਦਾ।

ਤੇਰਾ ਹੁਕਮ ਵਡੇਰਾ

ਰਹਿਮ ਕਰੀਂ ਮਸਕੀਨ ਮੈਂ ਦਾਤਾ,
ਤੈਥੋਂ ਨਿਰਮਲ ਕੇਹੜਾ।
ਇੱਕੋ ਨਜ਼ਰ ਰਹਿਮ ਦੀ ਤੇਰੀ,
ਜਨਮ ਸਫ਼ਲ ਹੈ ਮੇਰਾ।
ਤੂੰ ਬਖ਼ਸ਼ਿੰਦਾ ਰੱਖਣ ਹਾਰਾ,
ਮੈਂ ਚਾਕਰ ਤੇਰਾ ਚੇਰਾ।
ਤੂੰ ਪੁੰਨਿਆ ਦੀ ਲੋਅ ਦਾ ਚੰਦਾ,
ਮੈਂ ਮੱਸਿਆ ਦਾ ਨ੍ਹੇਰਾ।
ਹਰਫ਼ ਸਿਆਣਪ ਕੁੱਝ ਨਹੀਂ ਹੀਲਾ,
ਤੇਰਾ ਹੁਕਮ ਵਡੇਰਾ।
'ਗ਼ਾਫ਼ਲ' ਅਕਲੋਂ ਖਾਲੀ ਠੂਠਾ,
ਹੁਕਮ ਵਜਾਉਂਦੈ ਤੇਰਾ।

ਕੁੱਝ ਗੱਲਾਂ

ਅੱਜ ਅਸੀਂ ਅਜ਼ਾਦ ਹਿੰਦੋਸਤਾਨ ਦੇ ਵਾਸੀ ਹਾਂ। ਆਪਣੀ ਮਨ ਭਾਉਂਦੀ ਪੈੜ ਤੋਂ ਮੁਖ਼ਾਤਿਬ ਹੁੰਦਿਆਂ, ਨੂੰ ਰੋਕਣ ਵਾਲਾ ਕੋਈ ਨਹੀਂ। ਅਸੀਂ ਜਿਵੇਂ ਚਾਹੀਏ ਆਪਣੀ ਜ਼ਿੰਦਗੀ ਜੀਣ ਦੇ ਪੈਂਤਰੇ ਮੁਕਰਰ ਕਰ ਸਕਦੇ ਹਾਂ।

ਪਰ ਜਿਹਨਾਂ ਸੂਰਵੀਰਾਂ ਦੀਆਂ ਕੁਰਬਾਨੀਆਂ ਤੋਂ ਇਹ ਗੁਲਾਮੀਂ ਦੀਆਂ ਬੇੜੀਆਂ ਭੱਜੀਆਂ ਹਨ ਜੇਕਰ ਉਹਨਾਂ ਦੀ ਕੁਰਬਾਨੀ ਨੂੰ ਦਿਲੋਂ ਵਿਸਾਰ ਦਈਏ ਤਾਂ ਸਾਡੇ ਜਿਹਾ ਕ੍ਰਿਤਘਣ ਹੋਰ ਕੋਈ ਨਹੀਂ।

ਪਰ ਚੀਸ ਦੀ ਚਿਣਘ ਉਦੋਂ ਮਹਿਸੂਸ ਹੁੰਦੀ ਹੈ ਜਦੋਂ ਇਹ ਜਾਪਦਾ ਹੈ ਕਿ ਅਸੀਂ ਇਹਨਾਂ ਦੀਆਂ ਯਾਦਾਂ ਤੋਂ ਮੁਨਕਰ ਹੁੰਦੇ ਜਾਂਦੇ ਹਾਂ। ਕਿਤੇ ਇਹ ਕੁਰਬਾਨੀ ਭੁੱਲੀ-ਵਿਸਰੀ ਬਾਤ ਨਾ ਬਣ ਜਾਵੇ ਇਸ ਲਈ ਹੀ ਆਪਣੇ ਪਿੰਡ ਦੇ ਹੀ ਜੰਮਪਲ ਸ਼ਹੀਦ ਸਰਤਾਜ ਅਮਰਜੀਤ ਸਿੰਘ ਸੰਧੂ ਵਿੰਗ ਕਮਾਂਡਰ ਨੂੰ ਸ਼ਰਧਾਂਜਲੀ ਅਤੇ ਨੌਜਵਾਨ ਪੀੜੀ ਨੂੰ ਸੂਰਵੀਰ ਸੰਧੂ ਜਹੇ ਯੋਧਿਆਂ ਦੀ ਕੁਰਬਾਨੀ ਤੋਂ ਮੁਖ਼ਾਤਿਬ ਕਰਵਾਉਣ ਦੇ ਉਪਰਾਲੇ ਵਜੋਂ ਦਿਲ ਦੇ ਔੜ੍ਹਦੇ ਵਿਚਾਰਾਂ ਨੂੰ 'ਦਿਲ ਦੀ ਕਿਤਾਬ ਚੋਂ' ਸਿਰਲੇਖ਼ ਹੇਠ ਸਿਰਜਿਆ ਹੈ।

ਇਸ ਵਿੱਚ ਮੋਗੀਵਾਲੇ (ਅਮਰਜੀਤਪੁਰ) ਦੇ ਹੋਂਦ ਵਿੱਚ ਆਉਂਣ ਦੇ ਪਿਛੋਕੜ ਅਤੇ ਇਸ ਪਿੰਡ ਵਿੱਚ ਵਿਚਰਗੀਆਂ ਪਾਕ ਸਾਫ਼ ਰੂਹਾਂ ਤੋਂ ਵੀ ਮੁਖ਼ਾਤਿਬ ਹੋਣ ਦਾ ਉਪਰਾਲਾ ਕੀਤਾ ਗਿਆ ਹੈ।

ਆਸ ਹੈ ਕਿ ਦਾਸ ਦੀ ਨਿਮਾਣੀ ਜਹੀ ਸੇਵਾ ਸਾਧ ਸੰਗਤ ਦੇ ਚਰਨੀ ਪਰਵਾਨ ਹੋਵੇਗੀ।

ਲਿਖ਼-ਲਿਖ਼ ਸ਼ਾਯਰ ਨਿੱਤ ਸਮਝਾਉਂਦੇ।
ਵਾਰਸ ਬੁੱਲ੍ਹੇ ਤੀਕਾਂ।
ਫਿਰਦਾ ਇਸ਼ਕ ਤਸੀਹੇ ਦੇਂਦਾ,
ਫੜਕੇ ਤੱਤੀਆ ਸੀਖਾਂ।

ਨੈਣਾਂ ਵਿੱਚੋਂ ਨੀਂਦ ਗੁਆਚੇ,
ਪੈਰੀਂ ਪੈ ਜਾਣ ਪੀਕਾਂ।
'ਗ਼ਾਫ਼ਲ' ਵੀ ਹੁਣ ਦੌਰ ਅਜੋਕੇ,
ਬੈਠ ਉਲੀਕੇ ਲੀਕਾਂ!!

ਖ਼ਿਦਮਤਗ਼ਾਰ
- ਗੁਰਮੰਗਤ ਗ਼ਾਫ਼ਲ

ਲੇਖਕ ਬਾਰੇ ਜਾਣਕਾਰੀ



ਗੁਰਮੰਗਤ ਗ਼ਾਫ਼ਲ ਦਾ ਜਨਮ 16 ਨਵੰਬਰ 1987 ਨੂੰ ਪਿੰਡ ਮੋਰੀਵਾਲਾ ਵਿਖੇ ਸ: ਦਿਲਬਾਗ਼ ਸਿੰਘ ਰੰਧਾਵਾ ਸਾਬਕਾ ਸਰਪੰਚ ਮੋਰੀਵਾਲਾ (ਗੁਰਦਾਸਪੁਰੀਏ) ਘਰ ਹੋਇਆ। ਜੋ ਮਾਤਾ ਬਲਜਿੰਦਰ ਕੌਰ ਦੀ ਗੋਦ ਦੇ ਨਿੱਘ ਨੂੰ ਮਾਣਦਿਆਂ ਜ਼ਿੰਦਗੀ ਦੀਆਂ ਪੈੜਾਂ ਤੋਂ ਮੁਖ਼ਾਤਿਬ ਹੋਇਆ।

'ਗ਼ਾਫ਼ਲ' ਨੇ ਉੱਚ ਵਿੱਦਿਆ ਤੱਕ ਦੀ ਸਿੱਖਿਆ ਹਾਸਲ ਕੀਤੀ। ਮੁੱਢਲੀ ਸਿੱਖ਼ਿਆ ਦੌਰਾਨ ਪਿੰਡ ਵਿੱਖੇ ਗੁਰੂ ਨਾਨਕ ਮਾਡਲ ਸਕੂਲ, ਦਸ਼ਮੇਸ਼ ਪਬਲਿਕ ਸਕੂਲ, ਆਰ. ਐਸ. ਪਬਲਿਕ ਸਕੂਲ ਅਤੇ ਰਾਜਕੀਯ ਉੱਚ ਵਿਦਿਆਲਿਆ ਅਮਰਜੀਤ ਪੁਰਾ ਦੀ ਛਤਰ ਛਾਇਆ ਹੇਠ ਆਪਣੀ ਜ਼ਿੰਦਗੀ ਦੀਆਂ ਪੈੜਾ ਮੁਕਰਰ ਕਰਨ ਦਾ ਵੱਲ ਸਿੱਖਿਆ। ਉਚੇਰੀ ਵਿੱਦਿਆ ਪ੍ਰਾਪਤੀ ਲਈ ਇਸ ਨੂੰ ਸ਼ਹਿਰੀ ਸਭਿਆਚਾਰ ਨਾਲ ਸਾਂਝ ਪਾਉਣੀ ਪਈ।

ਆਰ. ਕੇ. ਸੀਨਿਅਰ ਸਕੈਂਡਰੀ ਸਕੂਲ, ਸਰਸਾ ਤੋਂ ਬਾਰਵੀਂ ਬਾਦ ਰਾਜਕੀਯ ਨੇਸ਼ਨਲ ਸਨਾਤਕੋਤਰ ਮਹਾਂਵਿਦਿਆਲਿਆ ਸਰਸਾ ਤੋਂ ਬੈਚਲਰ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਕੁਰੂਕਸ਼ੇਤਰ ਵਿਸ਼ਵ ਵਿਦਿਆਲਿਆ ਦੀ ਅਗਵਾਹੀ ਹੇਠ ਡਿਸਟੈਂਸ ਤੋਂ ਪੰਜਾਬੀ ਵਿਸ਼ੇ ਵਿੱਚ ਇਹਨਾਂ ਨੇ ਉੱਚ ਵਿੱਦਿਆ ਹਾਸਲ ਕੀਤੀ।

ਸਰਜ਼ਮੀਂ ਮੇਰੀ ਇਨਾਇਤ ਹੈ ਜਲਾਲ ਦੀ,
ਲਾਲੀ ਵੀ ਫਿੱਕੀ ਪੈ ਜਾਵੇ ਸਾਵੇਂ ਗੁਲਾਲ ਦੀ।
'ਗ਼ਾਫ਼ਲ' ਤੋਂ ਹੋਇਆ ਉਜ਼ਰ ਜੋ, ਸਾਈਂ ਸ਼ੁਕਰ ਹੈ ਤੇਰਾ,
ਖ਼ਿਦਮਤ ਦੇ ਬਾਰੇ ਲੀਕ ਵੀ, ਵਿਸਰੀ ਮਲਾਲ ਦੀ!!



ਭਾਗਾਂ ਵਾਲਾ ਹਾਂ

ਕਹਿੰਦੇ ਨੇ ਜਦੋਂ ਮਨੁੱਖ ਬੱਚੇ ਦੇ ਰੂਪ ਵਿੱਚ ਜਨਮਦਾ ਹੈ ਤਾਂ ਉਸ ਬਾਲ ਉਮਰੇ ਉਸ ਦੀ ਕਿਲਕਾਰੀ ਮਾਂ ਦੀ ਪੁਕਾਰ ਨਾਲ ਠੱਲ ਜਾਂਦੀ ਹੈ। ਮਾਂ ਦੀ ਮਮਤਾ ਜ਼ੁਬਾਨ 'ਚੋਂ ਉਚਾਰੇ ਵਰਨਾ ਦੇ ਰੂਪ ਵਿੱਚ ਜਦੋਂ ਬੱਚੇ ਦੇ ਕੰਨੀ ਪਈਂਦੀ ਹੈ ਤਾਂ ਬੱਚਾ ਬਾਤਸਕੀਨ ਵਿਰ ਜਾਂਦਾ ਹੈ। ਉਸ ਮਮਤਾ ਦੀ ਮੂਰਤ ਦੀ ਕੁਰਬਾਨੀ ਕਿਆਸ ਨਾਲ ਚਿਤਾਰੀਏ ਤਾਂ ਵੇਖੋ ਆਪਣੇ ਹਰ ਆਰਾਮ ਦੇ ਪਲ ਨੂੰ ਆਪਣੇ ਲਾਡਲੇ ਲਈ ਸਿੱਦਤ ਨਾਲ ਕੁਰਬਾਨ ਕਰਦੀ ਦੇ ਮੱਥੇ ਤੇ ਸ਼ਿਕਨ ਵੀ ਨਜ਼ਰੀਂ ਨਹੀਂ ਆਉਂਦੀ।

ਕੁਦਰਤ ਦਾ ਵੀ ਦਸਤੂਰ ਹੈ ਕਿ ਬੱਚੇ ਦੇ ਮੂਹੋਂ ਵੀ ਆਮ ਤੌਰ ਤੇ ਪਹਿਲਾਂ ਸ਼ਬਦ ਮਾਂ ਉਚਾਰਿਆ ਜਾਂਦਾ ਹੈ। ਜਿਸ ਤੋਂ ਮਿੱਠਾ ਤੇ ਵੱਡਮੁੱਲਾ ਸ਼ਬਦ ਕੋਈ ਹੋਰ ਨਹੀਂ।

ਮਨੁੱਖ ਦੀ ਜ਼ੁਬਾਨ ਦੀ ਹਰਫ਼ਾਂ ਨਾਲ ਸਾਂਝ ਮਾਂ ਸ਼ਬਦ ਤੋਂ ਹੁੰਦੀ ਹੈ। ਕਹਿੰਦੇ ਨੇ ਕਿ ਜਦੋਂ ਕਿਸੇ ਕਾਜ ਨੂੰ ਛੋਹਣਾ ਹੋਵੇ ਤਾਂ ਮਾਂ ਦੀ ਅਸੀਸ ਲੈ ਲਵੋ। ਰੱਬ ਦੀ ਰਹਿਮਤ ਆਪ ਮੁਹਾਰੇ ਵਰਸਦੀ ਹੈ। ਆਮ ਪ੍ਰਚੱਲਿਤ ਗੱਲ ਹੈ ਕਿ ਮਾਂ ਦੇ ਚਰਨੀ ਜੰਨਤ ਦਾ ਵਾਸ ਹੈ।

ਆਪਣੇ ਆਪ ਦੀ ਜੇ ਗੱਲ ਕਰਾਂ ਤਾਂ ਕਰਤਾਰ ਦੀ ਇਨਾਇਤ ਦੇ ਸ਼ੁਕਰਾਨੇ ਵਜੋਂ ਕਹਿਣ ਨੂੰ ਮੇਰੇ ਕੋਲ ਅਲਫ਼ਾਜ਼ ਨਹੀਂ, ਕਿਉਂਕਿ ਜਦੋਂ ਮੇਰੀ ਜ਼ੁਬਾਨ ਤੇ ਹਰਫ਼ਾਂ ਦੀ ਸਾਂਝ ਪਈ ਤਾਂ ਉਹ ਪਹਿਲਾਂ ਸ਼ਬਦ ਸੀ 'ਮਾਂ'। ਪਰ ਅੱਜ ਜਦੋਂ ਕਲਮ ਨਾਲ ਸਾਂਝ ਪਈ ਹੈ ਤਾਂ ਵੀ ਦਾਸ ਦੇ ਹਿੱਸੇ ਮਾਂ ਦੀ ਖ਼ਿਦਮਤ ਕਰਨ ਦਾ ਸੁਭਾਗ ਆਇਆ ਹੈ। ਇਹ ਮਾਂ ਹੈ ਮੇਰੀ ਸਰਜਮੀਂ, ਮੇਰੇ ਪਿੰਡ ਦੀ ਉਹ ਪਾਵਨ ਧਰਤੀ, ਜਿਸ ਦੀ ਗੋਦ ਵਿੱਚ ਪਲ ਕਿ ਮੈਂ ਜੁਆਨ ਹੋਇਆ, ਹਾਸੇ ਠੱਠੇ ਖੇੜਿਆਂ ਨੂੰ ਮਾਣ ਕੇ ਜ਼ਿੰਦਗੀ ਦੀਆਂ ਉਹਨਾਂ ਅਜ਼ੀਜ਼ ਯਾਦਾਂ ਨੂੰ ਪਿਰੋਇਆ ਜੋ ਸਦਾ ਲਈ ਮੇਰੇ ਜ਼ਹਿਨ ਵਿੱਚ ਪਹਿਲੇ ਪਿਆਰ ਦੇ ਮਿੱਠੇ ਜਿਹੇ ਸੁਪਨੇ ਵਾਂਗ ਘਰ ਕਰ ਗਈਆਂ।

ਇਕ ਪਾਸੋਂ ਤਾਂ ਭਾਗਾਂ ਵਾਲਾ ਹਾਂ ਹੀ ਕਿ ਮੈਨੂੰ ਆਪਣੀ ਨਿਆਣੀ ਕਲਮ ਦੇ ਅੱਲੜ ਰੁੱਤੇ ਉੱਕਰੇ ਸ਼ਬਦਾਂ ਦੀ ਮਾਲਾ ਸਰਜਮੀਂ ਮੇਰੀ ਜਨਮ ਭੂਮੀਂ ਦੇ ਚਰਨਾਂ 'ਚ' ਭੇਂਟ ਚੜ੍ਹੀ ਹੈ। ਦੂਜਾ ਮੈਂ ਆਪ ਨੂੰ ਭਾਗਾਂ ਭਰਿਆ ਇਸ ਲਈ ਸਮਝਦਾ ਹਾਂ ਕਿ ਇਸ ਪੀਰ ਫਕੀਰਾਂ ਦੀ ਧਰਤੀ ਹਿੰਦੋਸਤਾਨ ਦਾ ਜੰਮਪਲ ਹਾਂ:-

ਸਰਫਰੋਸ਼ੋਂ ਦੀ ਜ਼ਮੀਂ ਪਰ ਠਹਰ ਜਾਨੇ ਕਾ,
ਮੌਕਾ ਕਹਾਂ ਮਿਲਤਾ ਹੈ ਯਹਾਂ ਖ਼ਿਲਖ਼ਿਲਾਨੇ ਕਾ।
ਅਹਲੇ ਵਤਨ ਤੇਰੀ ਗੋਦ ਕਾ, ਤਿਨਕਾ ਨਾਚੀਜ਼ ਹੂੰ,
ਸ਼ੁਕਰੀਆ ਤੇਰਾ ਮੁਝੇ ਆਪਨਾ ਬਨਾਨੇ ਕਾ।
ਖ਼ਿਦਮਤ ਜ਼ਰਾ ਸੀ ਹੈ, ਤੇਰੀ ਉਸਤਤ ਕਬੂਲ ਕਰ,
ਸ਼ਾਯਰ ਬਲਾ ਕਾ ਅੰਦਨਾ ਹੂੰ ਮੈਂ ਜ਼ਮਾਨੇ ਕਾ।
ਸਭ ਕੇ ਨਸੀਬ ਮੇਂ ਕਹਾਂ ਹੈ ਮੋਤੀਉਂ ਕੀ ਸੇਜ਼,
ਮੁੱਦਾ ਹੈ 'ਗ਼ਾਫ਼ਲ' ਹਰ ਤਰਫ਼ ਹੀ ਸਰ ਛੁਪਾਨੇ ਕਾ!!

ਸਵਾਲ ਨਾ ਰਹਿ ਜਾਣ ਕਿੱਧਰੇ

ਪੀੜ੍ਹੀ ਦਰ ਪੀੜ੍ਹੀ ਸਮਾਂ ਆਪ ਮੁਹਾਰੇ ਆਪਣੀ ਚਾਲੇ ਟੁਰਨ ਵਿੱਚ ਮਸ਼ਗੂਲ ਹੈ। ਅਣਗਿਣਤ ਹਮ ਖ਼ਿਆਲ ਹਮ ਨਵੀਆਂ ਦੀ ਸੰਗਤ ਹੁੰਦੀ ਹੈ। ਤੇ ਵਿਸਰ ਜਾਂਦੀ ਹੈ। ਪਰ ਇਸ ਦੀ ਚਾਲ ਤੇ ਰੱਤੀ ਭਰ ਵੀ ਫ਼ਰਕ ਨਹੀਂ ਪਈਂਦਾ। ਸਗੋਂ ਆਪ ਮੁਹਾਰੇ ਦਸਤੂਰ-ਏ-ਖ਼ਲਕਤ ਦਾ ਅਸੂਲ ਹਰ ਸ਼ੈਅ ਨੂੰ ਆਪਣੇ ਮੁਤਾਬਿਕ ਬਦਲ ਦੇਣ ਦੀ ਹਿੰਮਤ ਸੰਜੋ ਕੇ ਬਈਠਾ ਹੈ। ਜਿਉਂ ਜਿਉਂ ਸਮਾਂ ਕਰਵਟ ਲੈਂਦਾ ਹੈ। ਕਾਫ਼ੀ ਕੁਝ ਨਵਾਂ ਜੁੜਦੈ, ਤੇ ਕਾਫ਼ੀ ਕੁਝ ਵਿਸਰ ਜਾਂਦੈ। ਬਸ ਰਹਿ ਜਾਂਦੀਆਂ ਨੇ ਉਹ ਨਿਸ਼ਾਨੀਆਂ, ਤੇ ਮਿਆਰ ਜੋ ਸਾਨੂੰ ਸਾਡੇ ਪਿਛੋਕੜ ਦੀ ਯਾਦ ਦਿਵਾਉਂਦੇ ਨੇ। ਪਰ ਕਈ ਵਾਰ ਇਹ ਯਾਦਾਂ ਦੇ ਸਰਮਾਏ ਵੀ ਸਾਥੋਂ ਵਿਸਰ ਜਾਦੇ ਨੇ ਤਾਂ ਉਸ ਵੇਲੇ ਬਚਦਾ ਹੈ ਸਾਡੇ ਕੋਲ ਸਿਰਫ਼ ਪਛਤਾਵਾ!! ਇਹ ਸਮੇਂ ਦਾ ਕਸੂਰ ਨਹੀਂ, ਇਹ ਕਸੂਰ ਹੈ ਸਾਡੇ ਜ਼ਹਿਨ ਦਾ ਜਿਸ ਨੇ ਪੀੜ੍ਹੀ-ਪਾੜ੍ਹੇ ਨੂੰ ਜਨਮ ਦਿੱਤਾ ਹੈ। ਪੀੜ੍ਹੀ-ਪਾੜ੍ਹੇ ਵਿੱਚ ਨਾ ਅਸੀਂ ਨਵੇਕਲੀ ਪੀੜੀ ਆਪਣੇ ਪਿਛੋਕੜ ਬਾਰੇ ਜਾਨਣ ਦੀ ਤੀਂਘ ਨੂੰ ਸਜੋਣ ਦੀ ਸਮਰੱਥਾ ਰਖਦੇ ਹਾਂ। ਤੇ ਨਾ ਹੀ ਸਾਡੇ ਕੋਲ



ਇੰਨਾ ਸਮਾਂ ਹੀ ਬਚਦਾ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਦੀਆਂ ਵਿਰਸੇ ਦੀਆਂ ਨਿਸ਼ਾਨੀਆਂ ਬਾਰੇ ਵਿਚਾਰਾਂ ਨੂੰ ਸਾਂਝਾ ਕਰੀਏ। ਹੌਲੀ-ਹੌਲੀ ਸਾਡੇ ਲਈ ਹੀ ਇਹ ਵਿਰਸੇ ਦੀ ਨਿਸ਼ਾਨੀ ਦੇ ਬਾਬਤ ਵੀ ਸਵਾਲ ਰਹਿ ਜਾਣਗੇ ਅਤੇ ਇਹਨਾਂ ਦਾ ਜਵਾਬ ਦੇਣ ਲਈ ਕਿਸੇ ਕੋਲ ਕੋਈ ਜਵਾਬੀ ਹੁੰਗਾਰਾ ਨਹੀਂ ਹੋਵੇਗਾ।

ਬਦਲਾਉ ਨਾਲ ਕਾਫ਼ੀ ਕੁਝ ਬਦਲ ਗਿਆ ਹੈ। ਇਸ ਤਬਦੀਲੀ ਵਿੱਚ ਕਾਫ਼ੀ ਕੁਝ ਸਾਡੇ ਕੋਲੋਂ ਵਿਸਰ ਗਿਆ। ਪਰ ਜੋ ਕੁਝ ਯਾਦਾਂ ਦਾ ਸਰਮਾਇਆ ਸਾਡੇ ਕੋਲ ਹੈ ਉਸ ਨੂੰ ਸੰਜੋ ਦੇ ਆਉਣ ਵਾਲੀ ਪੀੜੀ ਲਈ ਸਾਨੂੰ ਸੰਭਾਲਣਾ ਚਾਹੀਂਦੈ। ਕਿਉਂਕਿ ਜੋ ਸਵਾਲ ਸਵਾਲ ਰਹਿ ਜਾਂਦੇ ਨੇ ਉਹਨਾਂ ਸਵਾਲਾਂ ਤੇ ਸਵਾਲ ਵੀ ਨਹੀਂ ਹੋਇਆ ਕਰਦੇ।

ਆਪਾ ਗਵਾ ਕਿ ਜੀਣ ਦੀ ਖੱਟੀਏ ਨਮੋਸ਼ੀ ਨਾਂ।
ਆਪੇ ਬਗ਼ੈਰ ਹੰਡਦੀ, ਜ਼ਿੰਦਗੀ ਵੀ ਸੌਖੀ ਨਾ।
ਇੰਨੇ ਨਾਸ਼ੁਕਰੇ ਸੋਚ ਲੈ, ਹੋਇਆ ਗੁਜ਼ਾਰਾ ਨਹੀਂ।
ਸੱਜਦੇ ਵੀ 'ਗ਼ਾਫ਼ਲ' ਵਿਸਰ ਗਏ ਕੋਈ ਕਦਮ ਬੋਸੀ ਨਾਂ।

ਸੱਜਦਾ ਨਿਮਾਣੇ ਦਾ

ਸੰਸਾਰ ਭਰ ਚੋਂ ਹਿੰਦੋਸਤਾਨ ਉਹ ਦੇਸ਼ ਹੈ ਜਿੱਥੇ ਦੁਨੀਆਂ ਭਰ ਵਿੱਚੋਂ ਸਭ ਤੋਂ ਵੱਧ ਦੇਵੀ, ਦੇਵਤੇ, ਮਹਾਪੁਰਖ਼, ਸੰਤ-ਫ਼ਕੀਰ, ਵਲੀ, ਔਲੀਏ ਜਾਂ ਗੁਰੂਆਂ ਨੇ ਅਵਤਾਰ ਲਿਆ। ਜੇਕਰ ਇਸ ਹਿੰਦੋਸਤਾਨ ਨੂੰ ਪਰਮਾਤਮਾ ਦਾ ਆਸ਼ਿਆਨਾ ਆਖਿਆ ਜਾਵੇ ਤਾਂ ਅਤਿਸ਼ੋਕਤੀ ਨਹੀਂ ਹੋਵੇਗਾ।



ਕਹਿੰਦੇ ਨੇ ਜੇਕਰ ਕੋਈ ਪਾਕ ਰੂਹ ਭਾਵੇਂ ਕਿਸੇ ਸੰਤ, ਪੀਰ, ਪੈਗੰਬਰ ਦੀ ਹੋਵੇ ਜਾਂ ਫਿਰ ਕਿਸੇ ਸੂਰ ਵੀਰ ਦੀ ਜਦੋਂ ਉਸ ਰੂਹ ਦੀ ਚਰਨ ਛੋਹ ਵੀ ਜਿੱਥੇ ਧਰਤੀ ਨੂੰ ਮਿਲ ਜਾਂਦੀ ਹੈ। ਤਾਂ ਉਹ ਆਮ ਚਰਚਿਤ ਅਸਥਾਨ ਦਾ ਰੂਪ ਧਾਰ ਲੈਂਦੀ ਹੈ। ਲੋਕਾਂ ਦੀ ਜ਼ੁਬਾਨ ਤੇ ਉਸ ਅਸਥਾਨ ਦਾ ਸਿਰਨਾਵਾਂ ਇਤਿਹਾਸਕ ਸਥਾਨ ਵਜੋਂ ਆਪ ਮੁਹਾਰੇ ਰਚ ਜਾਂਦਾ ਹੈ। ਜਦੋਂ ਕੋਈ ਵੀ ਇਤਿਹਾਸ ਦੇ ਕਿਸੇ ਆਵਾਮ ਮੁਤਾਸਿਰ ਸ਼ਖ਼ਸ ਦਾ ਜਿਕਰ ਹੁੰਦਾ ਹੈ। ਉਸ ਨਾਲ ਜੁੜੀ ਹਰ ਸ਼ੈ, ਸਥਾਨ ਨੂੰ ਵੀ ਵਡਮੁੱਲਾ ਮਾਣ ਦਿੱਤਾ ਜਾਂਦਾ ਹੈ। ਪਰ ਜਦੋਂ ਗੁਰੂ ਦਾ ਸਾਜ਼ਿਆ ਸੂਰਵੀਰ

ਯੋਧਾ ਜਾਂ ਗੁਰੂ ਦਾ ਨਵਾਜਿਆ ਸੰਤ ਫ਼ਕੀਰ ਕਿਸੇ ਜਗਾਹ ਦਾ ਵਾਸੀ ਹੋ ਨਿਬੜਦਾ ਹੈ ਤਾਂ ਉਹ ਸਥਾਨ ਯਾਦਗਾਰ ਦੇ ਨਾਲ-ਨਾਲ ਪੂਜਣ ਯੋਗ ਵੀ ਹੋ ਜਾਂਦਾ ਹੈ ਅਤੇ ਇਹਨਾਂ ਸਥਾਨਾਂ ਤੇ ਵਿਚਰਣ ਵਾਲੇ ਜੀਅ ਵੀ ਭਾਗਾਂ ਵਾਲੇ ਜਾਣ ਲੈਣੇ ਚਾਹੀਂਦੇ ਹਨ। ਜੋ ਉਸ ਕਰਮਾਂ ਵਾਲੀ ਧਰਤੀ ਦੇ ਵਾਸੀ ਹਨ ਜਿਸ ਧਰਤੀ ਤੇ ਪੀਰ ਫ਼ਕੀਰਾਂ ਨੇ ਜੀਵਨ ਰਸ ਮਾਣਿਆ।

ਐਸਾ ਹੀ ਮਾਣ ਹਾਸਲ ਹੈ ਇਸ ਨਿਮਾਣੇ ਜਹੇ ਦਾਸ ਦੇ ਪਿੰਡ ਮੋਗੀਵਾਲੇ ਨੂੰ। ਜਿਸ ਪਿੰਡ ਦੀ ਪਾਵਨ ਗੋਦ ਵਿੱਚ ਸੰਤਾਂ ਮੁਹਾਪੁਰਖਾਂ, ਪੀਰ-ਫ਼ਕੀਰਾਂ ਨੇ ਮਾਨਸ ਦੇਹ ਵਿੱਚ ਵਿਚਰ ਕੇ ਚਿਰਕਾ ਵਸੇਬਾ ਬਖ਼ਸ਼ ਕੇ ਇਸ ਧਰਤੀ ਨੂੰ ਪਾਵਨ ਹੋਣ ਦਾ ਸੁਭਾਗ ਬਖ਼ਸ਼ਿਆ। ਇਸ ਧਰਤੀ ਨੇ ਐਸੇ ਸੂਰਵੀਰ ਯੋਧੇ ਭਾਰਤ ਮਾਤਾ ਨੂੰ ਪਾਲ ਕੇ ਸੌਂਪੇ ਜੋ ਸਰਜ਼ਮੀ ਦੀ ਅਬਰੂ ਲਈ ਆਪਣਾ ਸਰਵਸਵ ਵਾਰ ਦੇਣ ਦਾ ਹੌਂਸਲਾ ਰੱਖਣ ਤੋਂ ਮੁਤਾਸਿਰ ਸਨ। ਇਸ ਪਾਵਨ ਧਰਤੀ ਦੀ ਗੋਦ ਚੋਂ ਉਹ ਅਣਖੀਲੇ ਨੌਜਵਾਨਾਂ ਨੇ ਜਨਮ ਲਿਆ ਜਿਹਨਾਂ ਨੇ ਆਪਣੇ ਜ਼ੋਰ ਦਾ ਲੋਹਾ ਹਿੰਦੋਸਤਾਨ ਦੇ ਪਾੜਿਆਂ-ਖਾੜਿਆਂ 'ਚ ਮਨਵਾਇਆ। ਸਫ਼ਰ ਸਰਜ਼ਮੀ ਤੇ ਇਨਾਇਤਾਂ ਤੇ ਨਿਮਾਣੀ ਮੱਤ ਦੀ ਸੰਖੇਪ ਝਾਤ ਵਜੋਂ ਪੇਸ਼-ਏ-ਖ਼ਿਦਮਤ ਚੰਦ ਸ਼ੇਅਰ ਪਰਵਾਨ ਕਰਿਉ।

ਭੌਂਇਪੁਰ

ਸਾਈਆਂ ਨਦਰ ਦਾ ਤੇਰੀ ਜਵਾਬ ਨਹੀਂਉ,
ਫੁੱਲ ਪੱਤੀਉਂ ਜੀਹਨੇ ਗ਼ੁਲਾਬ ਕੀਤੀ।
ਸਾਧ ਬਖ਼ਸ਼ ਕੇ ਮੇਰਿਆ ਵਾਲੀਆ ਉਏ,
ਰਹਿੰਦੀ ਖ਼ਲਕ ਵੀ ਅੱਜ ਨਿਹਾਲ ਕੀਤੀ।

ਸੁਖ਼ਨਿਧਾਨ ਅਜ਼ੀਜ਼ ਕਮਾਲੀਏ ਦਾ,
ਜਿਸਤੋਂ ਅਲਫ਼ ਦਾ ਭੇਦ ਪੁਗਾਲਿਆ ਈ।
ਗੁਰੂ ਰੂਪ ਨਰਾਇਣ ਜੋ ਸੰਤ ਪੂਰਾ,
ਮਾਨਸ ਦੇਹ ਦੇ ਵਿੱਚ ਸਮਾਲਿਆ ਈ।

ਜੋਤ ਸਰਣ ਸ਼ਾਗ਼ਿਰਦ ਨੇ ਚਰਣ ਦਾਸੋਂ,
ਡੇਰਾ ਆਨ ਫਤਿਹਸ਼ਾਹ ਦਾ ਪਾਲਿਆ ਈ।
ਇਸ ਧਰਤ ਤੇ ਪੰਚਮੀ ਕਰਮ ਤੇਰਾ,
ਜੈ ਰਾਮ ਦਾ ਰੂਪ ਵਖ਼ਾਲਿਆ ਈ।

ਫ਼ਕਤ ਵਲੀ ਅਗੇਰਲਾ ਰਹਿਮ ਵੇਖੋ,
ਮਰਜ਼ ਕੱਟੇ ਮਰੀਜੋਂ ਤਬੀਬ ਆ ਕੇ।
ਟਿੱਬਾ ਟੋਰ ਤੇ ਸ਼ੱਕਰ ਸ਼ਾਹ ਨੇ ਸੂ,
ਡੇਰਾ ਮੱਲਿਆ ਵਿੱਚ ਸ਼ਮਸ਼ਾਨ ਜਾ ਕੇ।

ਇਸ ਖ਼ਲਕ ਦੀ ਕਰਾਂ ਜੇ ਸਿਫ਼ਤ ਭੌਰਾ,
ਸਫ਼ੇ ਸਾਫ਼ ਨਹੀਂ ਇਹਦੇ ਵੀ ਕਰਮ ਬਹੁਤੇ।
ਕੁਝ ਤਲਖ਼ ਸੁਲ੍ਹਾਉਣ ਨੂੰ ਰੂਹ ਰਾਜ਼ੀ,
ਦਿੱਤੇ ਦਾਤ ਦੇ ਵਜੋਂ ਨੇ ਵੀਰ ਯੋਧੇ।

ਮੇਰਾ ਸਾਵੇਂ ਈ ਨਮਨ ਉਹ ਮਾਤ ਮੇਰੀ,
ਭੌਂਇਪੁਰ ਦੀ ਕੁੱਖ ਨੇ ਜਣੇ ਸੂਰੇ।
ਭੌਂਇਪੁਰੋਂ ਸੀ ਨਾਉਂ ਵਟਾਇ ਦਿੱਤਾ,
ਮੋਰੀਵਾਲਿਉਂ ਜਾਣਦੇ ਲੋਕ ਪੂਰੇ।

ਅਮਰਜੀਤ ਜਹੇ ਜਣੇ ਨੇ ਸੂਰਮੇ ਤੂੰ,
ਵੈਰੀ ਜਾਇਕੇ ਘਰਾਂ ਦੇ ਵਿੱਚ ਘੂਰੇ,
ਇਹਨਾਂ ਦੇਸ਼ ਦੇ ਨਾਵੇਂ ਸਵਾਸ ਕੀਤੇ,
ਗਏ ਤਲੀ ਟਿਕਾਇ ਕੇ ਸੀਸ ਮੂਹਰੇ।

ਇਸੇ ਮਿੱਟੀ ਨੇ ਪਾਲ ਜਵਾਨ ਕੀਤੇ,
ਖ਼ਾਲਸ ਸਿੰਘ ਜੋਗਿੰਦਰ ਭਲਵਾਨ ਪੂਰੇ,
ਜਾਏ ਧੁੰਮਾ ਪੰਜਾਬ ਦੇ ਵਿੱਚ ਪਾਈਆਂ,
'ਟਿਇਗ਼ਰ' ਲਏ ਤਖ਼ਲਸ ਪਏ ਹੋਣ ਦੂਹਰੇ॥

ਇਸ ਧਰਤ ਨੂੰ ਬਖ਼ਸ਼ ਜਲਾਲ ਦੀ ਏ।
ਜੇਹੜੀ ਅਣਖ਼ ਤੇ ਸੂਰਮੇ ਪਾਲਦੀ ਏ।
ਜਿੱਥੇ ਜ਼ਾਤ ਪੈਗੰਮਬਰ ਔਲੀਆਂ ਦੀ।
ਜਾਮਾਂ ਧਾਰ ਪਈ ਘਾਲਣਾ-ਘਾਲਦੀ ਏ।

ਰਤੀ ਨਾ ਸਿਫ਼ਤ ਦੀ ਗ਼ਰਜ਼ ਕਾਈ,
ਆਪੇ ਆਪਣਾ ਆਪ ਵਖ਼ਾਲਦੀ ਏ,
ਇਹਦੀ ਟੋਰ ਨਵੇਕਲੀ ਜੱਗ ਨਾਲੋਂ,
'ਗ਼ਾਫ਼ਲ' ਪਵੇ ਨਾ ਚਿਣੰਗ ਮਲਾਲ ਦੀ ਏ!!

ਫਲਸਫ਼ਾ-ਏ-ਭੋਂਇਪੁਰ

(ਸਫ਼ਰ ਸਿਰਨਾਵੇਂ ਦਾ)

ਗ਼ੌਰਤਲਬ ਹੈ ਕਿ ਕਿਸੇ ਵੀ ਸਥਾਨ, ਪਿੰਡ, ਕਸਬੇ, ਨਗਰ ਦੇ ਸਿਰਨਾਵੇਂ ਦੇ ਬਾਬਤ ਕਈ ਸਾਖ਼ੀਆਂ ਜੁੜੀਆਂ ਹੁੰਦੀਆਂ ਨੇ ਜਾਂ ਇੰਜ ਕਹਿ ਲਿਆ ਜਾਵੇ ਕਿ ਜੇਕਰ ਕਿਸੇ ਵੀ ਸਿਰਨਾਵੇਂ ਨੂੰ ਪਿਛੋਕੜ ਵਜੋਂ ਫਰੋਲ ਕੇ ਦੇਖਿਆ ਜਾਵੇ ਤਾਂ ਕੋਈ ਪੁਖ਼ਤਾ ਤੱਥ ਜਾਂ ਨਵਾਂ ਕਿੱਸਾ ਉੱਘੜਿਆ ਲਾਜ਼ਮੀ ਮਿਲੇਗਾ।

ਮੋਗੀਵਾਲੇ ਦੇ ਸਿਰਨਾਵੇਂ ਨਾਲ ਵੀ ਇਕ ਮਿਥਿਅਕ ਉਪਨਾਮ ਤੇ ਹੋਰ ਤੱਥਾਂ ਦੀ ਪੜਚੋਲ ਚੋਂ ਲੱਭੇ ਅਤੇ ਸਾਵੇਂ ਆਏ ਉਪਨਾਮ ਜੁੜੇ ਹਨ। ਬਜ਼ੁਰਗਾਂ ਦੀ ਮਿਥਿਅਕ ਸਾਖ਼ੀ ਵਜੋਂ ਮੋਗੀਵਾਲੇ ਨੂੰ ਕਦੀ ਮੋਰਾਂਵਾਲੀ ਵਜੋਂ ਪੁਕਾਰਿਆ ਜਾਂਦਾ ਰਿਹਾ ਹੈ। ਸਿਆਣੇ ਬਜ਼ੁਰਗਾਂ ਜਾਂ ਵੱਡਿਆਂ ਦੇ ਦੱਸਣ ਮੁਤਾਬਿਕ ਇਸ ਪਿੰਡ ਦੇ ਚੌਗਿਰਦੇ ਜੰਗਲ ਬੀਆਬਾਨ ਵਿੱਚ ਆਲੇ-ਦੁਆਲੇ ਮੋਰਾਂ ਦੇ ਝੁੰਡ ਇਤਰਾਇਆ ਕਰਦੇ ਸਨ। ਕਹਿੰਦੇ ਨੇ ਪੂਰੇ ਇਲਾਕੇ ਵਿੱਚੋਂ ਇਹ ਜਗਾਹ ਮੋਰਾ ਦੇ ਝੁੰਡਾਂ ਦੀ ਬਹੁਗਿਣਤੀ ਵਜੋਂ ਜਾਣੀ ਜਾਂਦੀ ਸੀ। ਜਿਸ ਤੋਂ ਮੁਤਾਸਿਰ ਲੋਕਾਂ ਨੇ ਇਸ ਪਿੰਡ ਨੂੰ ਮੋਰਾਂਵਾਲੀ ਤਖ਼ਲਸ ਨਾਲ ਨਵਾਜ਼ਿਆ ਤੇ ਇਸ ਪਿੰਡ ਦਾ ਨਾਂਵ ਮੋਰਾਂਵਾਲੀ ਹੋ ਗਿਆ। ਪਰ ਇਸ ਸਿਰਨਾਵੇ ਦਾ ਜਿਕਰ ਕਿਸੇ ਵੀ ਪੱਤਰੀ ਜੁਗਤ ਦੀ ਗਵਾਹੀ ਵਜੋਂ ਇਸ ਪਿੰਡ ਦੇ ਇਤਿਹਾਸ ਵਿੱਚ ਨਹੀਂ ਆਉਂਦਾ ਅਤੇ ਖੋਜ ਕਾਰਜ ਨੂੰ ਮੁੱਖ ਰੱਖ ਕੇ ਚੱਲੀਏ ਤਾਂ ਇਹ ਸਭ ਕਹਾਣੀਆਂ ਮਿਥੀਆਂ ਹੋਈਆਂ ਘੜਤਾਂ ਨੇ ਜੀਹਨਾ ਦੀ ਹੋਂਦ ਨੂੰ ਕਬੂਲਿਆ ਨਹੀਂ ਜਾ ਸਕਦਾ।

ਕਿਉਂਕਿ ਜੇਕਰ ਖੋਜ ਕਰੀਏ ਤਾਂ ਪਤਾ ਲਗਦਾ ਹੈ ਕਿ 19ਵੀਂ ਸਦੀ ਦੇ ਦੂਜੇ-ਤੀਜੇ ਦਹਾਕੇ ਦੇ ਕਰੀਬ ਉਜਾੜ ਬੀਆਬਾਨ ਜਿਆਦਾ ਤੇ ਵਸੇਬਾ ਵਿਰਲਾ ਵਾਂਝਾ ਹੋਇਆ ਕਰਦਾ ਸੀ। ਦੱਸਦੇ ਨੇ ਕਿ ਮੋਗੀਵਾਲੇ ਤੋਂ ਕਰੀਬ ਸਾਡੇ ਕੁ ਤਿੰਨ ਮੀਲ ਦੀ ਦੂਰੀ ਤੇ ਵੱਸਦਾ ਪਿੰਡ ਸਿਕੰਦਰਪੁਰ ਹੀ ਇਸ ਉਨ੍ਹੀਂਵੀਂ ਸਦੀ ਦੇ ਸਮੇਂ ਦੌਰਾਨ ਆਬਾਦ ਸੀ।

1838 ਦੇ ਕਰੀਬ ਕਹਿੰਦੇ ਨੇ ਕਿ ਸਿਕੰਦਰਪੁਰ ਦੇ ਤਿੰਨ ਨੰਬਰਦਾਰਾਂ,

ਨੰਬਰਦਾਰ ਮਨਸੂਮ, ਨੰਬਰਦਾਰ ਅਮਰਾ ਅਤੇ ਨੰਬਰਦਾਰ ਜੀਵਾ ਨੇ ਇਕ-ਇੱਕ ਖੇੜਾ ਹਾਂਡੀ ਖੇੜਾ, ਕਾਸਨ ਖੇੜਾ ਅਤੇ ਸ਼ਾਕਰ ਖੇੜਾ ਤਕਸੀਮ ਕਰਵਾਇਆ। ਜੀਵਾ ਨੇ ਸ਼ਾਕਰਖੇੜਾ ਤਕਸੀਮ ਦੌਰਾਨ ਭੋਂਇਪੁਰ ਨਾਮ ਤੋਂ ਸ਼ਾਕਰਖੇੜਾ ਤੇ ਲਾਗਵੀਂ ਬੀਆਬਾਨ ਵੀ ਆਬਾਦ ਕਰਨ ਦਾ ਉਪਰਾਲਾ ਕੀਤਾ ਪਰ ਕੁਝ ਸਮਾਂ ਬਾਅਦ ਹੀ ਇਹ ਇੱਥੋਂ ਸਿਕੰਦਰਪੁਰ ਚਲੇ ਗਏ।

ਜੀਵਾ ਨੇ ਇਹ ਉਪਰਾਲਾ ਆਪਣੇ ਭਰਾ ਸੁਜਾਨ ਦੀ ਇਮਦਾਦ ਨਾਲ ਅਰੰਭਿਆ ਤੇ ਅਧੀ ਜ਼ਮੀਨ ਆਪਣੇ ਭਰਾ ਸੁਜਾਨ ਨੂੰ ਦੇ ਦਿੱਤੀ ਪਰ ਕਾਗਜ਼ੀ ਮਾਲਕੀਅਤ ਆਪਣੇ ਨਾਮ ਰੱਖੀ। 1875 ਤੱਕ ਕਾਗਜ਼ੀ ਦਾਵਾ ਜੀਵਾ ਦਾ ਸੀ। ਪਰ ਅਦਾਲਤ ਅਦਾ ਹੋ ਕੇ 28 ਅਪ੍ਰੈਲ 1876 ਨੂੰ ਜੀਵਾ ਦੇ ਵਾਲਿਦ ਮੌਲਵੀ ਕਰੀਮਲਦੀਨ ਪਾਸੋਂ ਮੈਹਕ ਜੋ ਕਿ ਸੁਜਾਨ ਦਾ ਵਾਲਿਦ ਸੀ ਨੇ ਜ਼ਮੀਨ ਦੋ ਪੱਤੀਆਂ ਪੱਤੀ ਕਰੀਮ ਅਤੇ ਪੱਤੀ ਚੂੜ੍ਹੀਆ ਦੇ ਰੂਪ ਵਿੱਚ ਤਕਸੀਮ ਕਰਵਾਈ।

ਜਿਹਨਾਂ ਵਿੱਚ ਅੰਦਾਜ਼ਨ 1153 ਵਿੱਘੇ ਅਤੇ 17 ਵਿਸਬੇ ਮੁਕਰਰ ਸਨ। ਇਹ ਪੱਤੀ ਗ਼ੈਰ ਮੁਕੰਮਲ ਪੱਤੀ ਤਕਸੀਮ ਸੀ ਜੋ ਕਿ ਕਾਫ਼ੀ ਸਮਾਂ ਮੁੜ ਉਜਾੜ ਪਈ ਰਹੀ।

ਜਿਸ ਨੂੰ 1882 ਵਿੱਚ ਸਿਕੰਦਰਪੁਰ ਦੇ ਨੱਥਾ ਸਿੰਘ ਮਸੂਰੀ ਨੇ ਇੱਕ ਖੂਹ ਅਤੇ ਛੱਪੜ ਖੁਦਵਾ ਕੇ ਮੁੜ ਭੋਂਇਪੁਰ ਦੇ ਨਾਮ ਤੋਂ ਆਬਾਦ ਕਰਵਾਇਆ।

ਉਸ ਸਮੇਂ ਖੂਹ ਦੀ ਖੁਦਵਾਈ ਦੇ ਦੌਰਾਨ ਕਾਰੀਗਰ ਖੂਹ ਵਿੱਚ ਮੋਰੀ ਨਹੀਂ ਰੱਖਿਆ ਕਰਦੇ ਸਨ। ਪਰ ਨੱਥਾ ਸਿੰਘ ਨੇ ਖੂਹ ਅਤੇ ਛੱਪੜ ਨੂੰ ਜੋੜਦੀ ਮੋਰੀ ਰਖਵਾਈ ਜੋ ਕਿ ਉਸ ਵੇਲੇ ਦੇ ਲੋਕਾਂ ਲਈ ਇੱਕ ਅਜੂਬਾ ਸੀ। ਜਿਸ ਤੋਂ ਹੀ ਭੋਂਇਪੁਰ ਨੂੰ ਮੋਰੀਵਾਲੇ ਦੇ ਉਪਨਾਮ ਤੋਂ ਨਵਾਜ਼ ਦਿੱਤਾ ਗਿਆ। ਹੌਲੀ-ਹੌਲੀ ਮੋਰੀਵਾਲਾ ਲੋਕਾਂ ਦੀ ਜੁਬਾਨ ਤੇ ਰਚ ਹੀ ਇਸ ਤਰ੍ਹਾਂ ਗਿਆ ਕਿ ਭੋਂਇਪੁਰ ਸਿਰਨਾਵਾਂ ਭੁੱਲੀ-ਵਿਸਰੀ ਬਾਤ ਦਾ ਰੂਪ ਅਖ਼ਤਿਆਰ ਕਰ ਗਿਆ।

ਪਰ ਅਜੋਕੀ ਪੀੜ੍ਹੀ ਦੇ ਕੁਝ ਹਿੰਮਤੀ ਸੂਝਵਾਨਾਂ ਨੇ ਸ਼ਹੀਦ ਸਰਤਾਜ ਸ੍ਰ. ਅਮਰਜੀਤ ਸਿੰਘ ਸੰਧੂ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਵਜੋਂ ਪਿੰਡ ਦਾ ਸਿਰਨਾਵਾਂ ਅਮਰਜੀਤਪੁਰਾ ਵਿੱਚ ਤਬਦੀਲ ਕਰਵਾਉਣ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ। ਸਿੱਟੇ ਵਜੋਂ ਅੱਜ ਕਾਫ਼ੀ ਹੱਦ ਤੱਕ ਇਸ ਖ਼ਵਾਹਿਸ਼ ਵਿੱਚ ਕਾਮਯਾਬੀ ਹਾਸਲ ਹੈ। ਕਾਗ਼ਜੀ ਕੰਮਾਂ ਵਿੱਚ ਅਮਰਜੀਤ ਪੁਰਾ ਮੋਰੀਵਾਲਾ ਦੇ ਉਪਨਾਮ ਵਜੋਂ ਜਾਣਿਆ ਜਾਣਾ ਇਸ ਸਿਰਨਾਵੇਂ ਦੀ ਆਮਦ ਦਾ ਸ਼ਲਾਘਾਯੋਗ ਉਪਰਾਲਾ ਹੈ।

ਚੋਗਾ ਸੀ ਉੱਜੜੇ ਦਾ

ਕਹਿੰਦੇ ਨੇ ਕਿ ਸੰਨ 47 'ਚ ਵੰਡੀਆਂ ਪਈਆਂ ਤਾਂ ਇਹਨਾਂ ਇੱਕ-ਦੂਜੇ ਦੇ ਸੁੱਖ-ਦੁੱਖ ਦੇ ਸ਼ਰੀਕ ਹੋਣ ਵਾਲੇ ਘਰ ਦੇ ਜੀਆਂ ਨੇ ਹੀ ਵਹਿਸ਼ੀ ਦਰਿੰਦਿਆਂ ਦਾ ਰੂਪ ਇਖ਼ਤਿਆਰ ਕਰ ਲਿਆ।

ਆਪਣੇ ਹੀ ਚੰਮ ਦੀਆਂ ਬੋਟੀਆਂ ਤੋੜ-ਤੋੜ ਕੇ ਖਾਂਦਿਆਂ ਦਾ ਦਿੱਲ ਚੀਰਵਾਂ ਖ਼ੌਫਨਾਕ ਮੰਜਰ ਤੱਕ ਕ੍ਰੇ ਤਾਂ ਜਲਾਦ ਦੀਆਂ ਅੱਖਾਂ ਵੀ ਚੁੰਧਿਆ ਜਾਣ। ਇਤਿਹਾਸ ਦੇ ਪੰਨਿਆ ਦੀ ਉਹ ਜ਼ਖ਼ਮਾਂ ਭਰੀ ਵੀਣੀ ਨੂੰ ਜਦ ਸਮੇਂ ਦੇ ਮਰਹਮ ਨਾਲ ਰਾਹਤ ਦੇਣ ਦੀ ਕੋਸ਼ਿਸ਼ ਕਰੀਦੀ ਹੈ ਤਾਂ ਜ਼ਹਿਨ ਵਿੱਚ ਇਨਸਾਨ ਦੇ ਵਹਿਸ਼ੀ ਰੂਪ ਦਾ ਚੇਹਰਾ ਉਘੜਿਆ ਮਹਿਸੂਸ ਕਰ ਕੇ ਹੌਂਸਲੇ ਪਸਤ ਹੋਣੋ ਨਹੀਂ ਰਹਿੰਦੇ ਕਿ ਇਨਸਾਨ ਇੰਨਾ ਵੀ ਬੇਦਰਦ, ਬਦਜ਼ਾਤ ਹੈਵਾਨ ਹੋਣੋਂ ਗੁਰੇਜ਼ ਨਹੀਂ ਕਰਦਾ।

ਉਸ ਸਮੇਂ ਦੇ ਹਲਾਤਾਂ ਨੇ ਕਈ ਤੱਕਲੇ ਚੜ੍ਹੀਆਂ ਸੁੱਖਾਂ ਤੇ ਰੀਝਾਂ ਦੀਆਂ ਤੰਦਾਂ ਸਦਾ ਲਈ ਮੁੱਢੋ ਤੋਂ ਨਿਖੇੜ ਦਿੱਤੀਆਂ। ਵੱਸਦੇ-ਰਸਦੇ ਘਰ ਛੱਡ ਕੇ ਲੱਖਾਂ ਬੇਕਸੂਰਿਆਂ ਨੂੰ ਖਾਨਾਬਦੋਸ਼ ਹੋਣਾ ਪਿਆ। ਪਾਕਿਸਤਾਨੋਂ ਉੱਜੜ ਕੇ ਆਏ ਲੋਕਾਂ ਨੇ ਜਿੱਥੇ-ਜਿੱਥੇ ਹਿੰਦੋਸਤਾਨ ਵਿੱਚ ਸ਼ਰਨ ਮਿਲੀ ਡੇਰੇ ਲਾਏ। ਕਾਫ਼ੀਆਂ ਨੂੰ ਜ਼ਮੀਨਾ ਅਲਾਟ ਕਰ ਦਿੱਤੀਆਂ ਗਈਆਂ। ਨਵੇਂ ਸਿਰੇ ਤੋਂ ਆਪਣੀ ਹੋਂਦ ਨੂੰ ਕਾਇਮ ਕਰਦਿਆਂ ਕਿਸੇ ਵੀ ਪੀੜਾਂ ਮਾਰੀ ਰੂਹ ਤੇ ਕੀ ਵਾਪਰਦੀ ਹੈ ਉਹ ਤਾਂ ਉਹੀ ਜਾਣਦੈ ਜਿਸ ਤਨ ਲੱਗੀਆਂ ਹੋਣ।

ਵੱਸਦੇ-ਰੱਸਦੇ ਪਿੰਡ ਭੋਇਪੁਰ ਨੇ ਨਵੇਂ ਸੁਪਨਿਆਂ ਦੀ ਤਾਂਘ ਹੇਠ ਨਵੇਂ ਫਲਸਫ਼ੇ ਇਖ਼ਤਿਆਰ ਕਰ ਲਏ।

ਜਿਸ ਵਕਤ ਰੌਲੇ ਦੌਰਾਨ ਪਾਕ ਸਰਜ਼ਮੀ ਤੋਂ ਬੇਘਰ ਹੋਏ ਮਜ਼ਲੂਮਾਂ ਨੇ ਭੋਇਪੁਰ ਸ਼ਰਨ ਲਈ ਤਾਂ ਉਸ ਸਮੇਂ ਬਦਲਾਵ ਦੇ ਖਰੜੇ 'ਚ ਪਿੰਜਦਿਆਂ ਪਿੰਡ ਦਾ ਮੁਹਾਂਦਰਾ ਕੁਝ ਇਸ ਤਰ੍ਹਾਂ ਦਾ ਸੀ ਕਿ ਪਿੰਡ ਦੀ ਤਮਾਮ ਜ਼ਮੀਨ ਤੇ ਪਿੰਡ ਕਰੀਬ ਚਾਰ ਪੱਤੀਆਂ ਵਿੱਚ ਸੀ। ਇਹ ਚਾਰ ਪੱਤੀਆਂ 1920-21 ਤੋਂ ਵੱਖੋ-


ਵੱਖ ਪੱਤੀ ਅਲੀ ਬੇਗ, ਪੱਤੀ ਖਾਨਾ, ਪੱਤੀ ਪੀਰੂ ਅਤੇ ਪੱਤੀ ਕੀਮਾਂ ਦੇ ਹਿੱਸੇ ਤਕਸੀਮ ਰਤ ਸਨ।

ਅਲੀ ਬੇਗ, ਖਾਨਾ, ਪੀਰੂ ਅਤੇ ਕੀਮਾਂ ਦੇ ਪੂਰਵਜ ਵਜੋਂ ਅਸੀਲਾ ਅਰਾਂਈਂ ਦਾ ਨਾਵਾਂ ਦੱਸਿਆ ਜਾਂਦਾ ਹੈ। ਇਹਨਾਂ ਚਾਰ ਪੱਤੀਆਂ ਵਿੱਚ ਵਸੇ ਅਮੀਲਾ ਅਰਾਂਈ ਦੇ ਇਹ ਚਾਰੇ ਪੁੱਤਰਾਂ ਦੇ ਵਸੀਂਦੇ ਕੁਣਬੇ ਨੂੰ ਵੀ ਵੰਡੀਆਂ ਦੇ ਹੜ੍ਹ ਨੇ ਰੋੜ੍ਹ ਕੇ ਘਰੋਂ ਬੇਘਰ ਕਰ ਦਿੱਤਾ। ਦੱਸਿਆ ਜਾਂਦਾ ਹੈ ਕਿ ਇਹ ਭੋਂਇਪੁਰ ਦੀ ਧਰਤੀ ਤੋਂ ਉੱਜੜ ਕੇ ਪਾਕ ਦੀ ਸਰਜ਼ਮੀ ਤੇ ਜਾ ਵੱਸੇ ਸਨ।

ਭੋਂਇਪੁਰ ਵਿੱਚ ਉਜਾੜੇ ਤੋਂ ਬਾਅਦ ਕੇਵਲ ਜੱਦੀ ਵਸਨੀਕ ਸੁਨਾਰ ਜਾਤੀ ਦੇ ਲੋਕ ਹੀ ਸਨ। ਬਾਕੀ ਕੌਮਾਂਤਰੀ ਜਾਤਾਂ ਆਪਣੀ ਧੁਰੋਂ ਮਿਥੀ ਚੋਗ ਤੋਂ ਮਜਬੂਰ ਇੱਥੋਂ ਦੀਆਂ ਵਸਨੀਕ ਹੋਈਆਂ ਤੇ ਆ ਕੇ ਇਸੇ ਸਰਜ਼ਮੀ ਦੀ ਗੋਦ 'ਚ ਆਪਣਾ ਆਸ਼ਿਆਨਾ ਮੁਕਰਰ ਕੀਤਾ।

ਬੱਚ ਗਯਾ ਤੋ ਉਸਕਾ,
ਮਿਟ ਗਯਾ ਤੋ ਉਸਕਾ।
ਸਬ ਮੇਂ ਸਰੋਕਾਰ ਰਹਿਤਾ ਹੈ,
ਵੋ ਪਾਰਖ਼ੂ ਤੋ ਹੈ,
ਮੁਸ਼ਕਿਲੋਂ ਮੇਂ 'ਗ਼ਾਫ਼ਲ'
ਬਨਕੇ ਹਮਦਮ ਮਦਦਗਾਰ ਰਹਿਤਾ ਹੈ।

ਪੈੜ ਫ਼ਕੀਰ ਦੀ



ਵਾਹ ਫ਼ਕੀਰਾਂ ਕੀ ਤੇਰੀ ਹੈ ਮੌਜ ਡ੍ਹਾਡੀ,
ਪਾਈਆਂ ਤੱਕ ਦਰਗ਼ਾਹ ਫਕੀਰੀਆਂ ਨੇ।
ਜੇਹੜੀ ਹੋਵੇ ਨਾ ਹੱਲ ਮੁਰੀਦ ਕੋਲੋਂ,
ਔਕਾਂ ਤੁਸਾਂ ਫ਼ਕੀਰਾਂ ਨੇ ਚੀਰੀਆਂ ਨੇ।
ਗ਼ਲ ਬਗ਼ਲੀਆਂ ਕੰਨਾਂ 'ਚ ਕੱਚ ਕੁੰਡਲ,
'ਗ਼ਾਫਲ' ਰੂਪ ਚੋਂ ਝਲਕਣ ਪੀਰੀਆਂ ਨੇ।
ਮੌਲਾ ਦੇਵੇ ਨਾ ਦਰਦ ਫ਼ਕੀਰ ਤਾਈਂ,
ਇਹਦੀਆਂ ਨਾਮ ਦੇ ਵਿੱਚ ਅਮੀਰੀਆਂ ਨੇ॥

ਜਦੋਂ ਇਤਿਹਾਸ ਦੇ ਪੰਨੇ ਗਵਾਹੀ ਦੇਣ ਤੋਂ ਮੁਨਕਰ ਹੋ ਜਾਣ ਤੇ ਚਸ਼ਮਦੀਦੀ ਮੂਕ ਹੋ ਜਾਵੇ ਤਾਂ ਪ੍ਰਚਲਿਤ ਕਹਾਣੀਆਂ-ਸਾਖ਼ੀਆਂ ਤੇ ਬੁਝਾਰਤਾਂ-ਬਾਤਾਂ ਆਦਿ ਹੀ ਇਤਿਹਾਸ ਕਬੂਲ ਕਰਨ ਤੋਂ ਪਰਹੇਜ਼ ਨਹੀਂ ਹੋਣਾ ਚਾਹੀਂਦਾ। ਕਿਉਂਕਿ ਜੇਕਰ ਅਸੀਂ ਇਸ ਨਿਆਮਤ ਤੋਂ ਵੀ ਵਾਂਝੇ ਰਹਿ ਜਾਂਦੇ ਤਾਂ ਸਾਡੇ

ਸੱਖਣੇ ਦਾਮਨ ਵਿੱਚ ਅਫ਼ਸੋਸ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਬਚਦਾ। ਇਹਨਾਂ ਸਾਖ਼ੀਆਂ-ਕਹਾਣੀਆਂ ਵਿੱਚ ਮੂਲ ਦੀ ਛਾਪ ਦਾ ਸੰਕੇਤ ਜਰੂਰ ਰਹਿ ਜਾਂਦੈ।

ਐਸੀਆਂ ਹੀ ਕੁੱਝ ਸਾਖੀਆਂ ਪੀਰ ਦਰਵੇਸ਼ ਪੀਰ ਬਾਬਾ ਸ਼ਾਕਰ ਸ਼ਾਹ ਦੀ ਮਜ਼ਾਰ ਬਾਰੇ ਪ੍ਰਚੱਲਿਤ ਹਨ। ਪਿੰਡ ਦੇ ਹਚੜ੍ਹਦੇ ਪਾਸੇ ਅੰਦਾਜ਼ਨ ਅੱਧਾ ਕੁ ਕਿਲੋਮੀਟਰ ਦੀ ਦੂਰੀ ਤੇ ਪੀਰ ਬਾਬਾ ਸ਼ਾਕਰ ਸ਼ਾਹ ਦੀ ਮਜ਼ਾਰ ਸਥਿਤ ਹੈ।

ਅੱਜ ਇਹ ਮਜ਼ਾਹਰ ਜਿਸ ਉੱਚੇ ਥੇੜ (ਟਿੱਬੇ) ਤੇ ਸੁਸ਼ੋਭਿਤ ਹੈ ਇਸ ਦਾ ਆਕਾਰ ਅੱਜ ਤੋਂ ਕੁਝ ਸਾਲ ਪਹਿਲਾਂ ਤੱਕ ਹੀ 10-12 ਕਿੱਲਿਆਂ ਵਿੱਚ ਸੀ। ਹੌਲੀ-ਹੌਲੀ ਕਟਾਵ ਦੇ ਦੌਰਾਨ ਇਸਦਾ ਅੱਜ ਆਕਾਰ ਕੇਵਲ ਮਜ਼ਾਰ ਦੇ ਚੌਗਿਰਦੇ ਦਾ ਹੀ ਰਹਿ ਗਿਆ ਹੈ।

ਪੀਰ ਬਾਬਾ ਸ਼ਾਕਰ ਸ਼ਾਹ ਬਾਰੇ ਦੱਸਿਆ ਜਾਂਦਾ ਹੈ ਕਿ ਜਿੱਥੇ ਅੱਜ ਸ਼ਾਕਰ ਖੇੜਾ ਹੈ ਇੱਥੇ ਕਰੀਬ ਦੋ-ਸਵਾ ਦੋ ਸੌ ਸਾਲ ਪਹਿਲਾਂ ਇਕ ਸੈਯਦ ਪਰਿਵਾਰ ਰਹਿੰਦਾ ਸੀ। ਜਿਸ ਪਰਿਵਾਰ ਵਿੱਚ ਹੀ ਸ਼ਾਕਰ ਸ਼ਾਹ ਦਾ ਜਨਮ ਹੋਇਆ। ਹੋਰ ਬਹੁਤੀ ਡੂੰਘੀ ਜਾਣਕਾਰੀ ਸ਼ਾਕਰ ਸ਼ਾਹ ਦੇ ਪਰਿਵਾਰ ਬਾਰੇ ਨਹੀਂ ਹਾਸਿਲ ਹੋ ਸਕੀ। ਬੱਸ ਇੰਨਾ ਕਿਹਾ ਜਾਂਦਾ ਹੈ ਕਿ ਬਾਬਾ ਸ਼ਾਕਰ ਸ਼ਾਹ ਦੀ ਅੱਲ੍ਹਾ-ਤਾਲਾ ਨਾਲ ਬਿਰਤੀ ਬਚਪਨ ਤੋਂ ਹੀ ਬਰਕਤ ਵਿੱਚ ਸੀ। ਇਹ ਜ਼ਿਆਦਾ ਤਰ ਬੰਦਗੀ ਵਿੱਚ ਮਸ਼ਗੂਲ ਰਿਹਾ ਕਰਦੇ ਸਨ। ਸ਼ਾਕਰ ਸ਼ਾਹ ਜੀ ਪਾਸ ਕਾਫ਼ੀ ਮੱਝੀਆਂ-ਗਾਵਾਂ ਆਦਿ ਸਨ। ਜਿਸ ਨੂੰ ਚਾਰਗਾਹ ਤੋਂ ਪਾਲ ਕੇ ਇਹਨਾਂ ਦੇ ਦੁੱਧ ਤੋਂ ਹੀ ਸ਼ਾਕਰ ਸ਼ਾਹ ਜ਼ਿੰਦਗੀ ਬਸਰ ਕਰਦੇ ਸਨ।

ਸਿਆਣੇ ਬਜ਼ੁਰਗ ਦੱਸਦੇ ਨੇ ਕਿ ਜਿੱਥੇ ਅੱਜ-ਕੱਲ ਪਹਿਲੀ ਮਜ਼ਾਰ ਜੋ ਕਿ ਬਾਬਾ ਸ਼ਾਕਰ ਸ਼ਾਹ ਦੀ ਹੈ ਇਸ ਥਾਂ ਤੇ ਇੱਕ ਵਣ ਹੋਇਆ ਕਰਦਾ ਸੀ। ਇਸ ਥੱਲੇ ਬਾਬਾ ਜੀ ਬੈਠ ਕੇ ਅਰਾਮ ਫਰਮਾਇਆ ਕਰਦੇ ਸਨ। ਤੇ ਜ਼ਿਆਦਾਤਰ ਇਸੇ ਵਣ ਥੱਲੇ ਡੇਰੇ ਲਾ ਕੇ ਬੰਦਗ਼ੀਰੱਤ ਰਿਹਾ ਕਰਦੇ ਸਨ।

ਪਰ ਲਾਗੇ-ਤਾਗੇ ਦੇ ਪਿੰਡ ਵਾਸੀਆਂ ਨੂੰ ਇਹਨਾਂ ਦਾ ਇਸ ਤਰ੍ਹਾਂ ਵੀਰਾਨਿਆਂ 'ਚ ਕੱਲੇ-ਘੈਹਰੇ ਰਹਿਣਾਂ ਤੇ ਮੱਝੀਆਂ ਗਾਵਾਂ ਚਰਾ ਕੇ ਆਪਣਾ ਗੁਜ਼ਾਰਾ ਕਰਨਾ ਢੌਂਗ ਜਿਹਾ ਜਾਪਦਾ।

ਸ਼ਾਕਰ ਖੇੜੇ ਦਾ ਲਾਗਲਾ ਪਿੰਡ ਭੋਏਪੁਰ ਜੋ ਨੱਥਾ ਸਿੰਘ ਮਸੂਰੀ ਦੇ ਮੁੜ ਆਬਾਦ ਕਰਨ ਬਾਦੀ ਵੱਸਿਆ ਤੇ ਅਰਾਂਈ ਮੁਸਲਮਾਨਾ ਦਾ ਵਸੇਬਾ ਬਣ ਗਿਆ। ਇਕ ਪ੍ਰਚਲਿਤ ਸਾਖੀ ਦੌਰਾਨ ਇਸ ਪਿੰਡ ਵਿੱਚ ਇਕ ਵਡੇਰੇ ਅਮੀਲਾ ਅਰਾਈਂ ਦੇ ਵਾਲਿਦ ਸ਼ਾਕਰ ਅਲੀ ਨੂੰ ਵਣ ਦੀ ਲੱਕੜੀ ਦੀ ਜ਼ਰੂਰਤ ਸਬੱਬੀਂ

ਉਸ ਨੂੰ ਉਸੇ ਖੇੜ ਦੇ ਵਣ ਤੇ ਲੈ ਗਈ ਜਿਸ ਥੱਲੇ ਬਾਬਾ ਸ਼ਾਕਰ ਸ਼ਾਹ ਬੈਠਿਆ ਕਰਦੇ ਸਨ। ਉਸ ਨੇ ਜਦੋਂ ਕੁਹਾੜੀ ਨਾਲ ਵਣ ਤੇ ਟੱਕ ਲਾਇਆ ਤੇ ਕਹਿੰਦੇ ਨੇ ਕਿ ਵਣ 'ਚੋਂ ਆਵਾਜ਼ ਆਈ ਕਿ 'ਨਾਂ ਵੱਡ' ਉਸ ਨੇ ਮੁੜ ਦੂਸਰਾ ਟੱਕ ਲਾਇਆ ਤਾਂ ਫਿਰ ਆਵਾਜ ਆਈ ਕਿ 'ਊਂ ਹੂੰ' ਪਰ ਜਦੋਂ ਤੀਸਰ ਵਾਰੀ ਮੁੜ ਟੱਕ ਲਾਇਆ ਤਾਂ ਵਣ ਚੋਂ ਆਵਾਜ ਆਈ ਕਿ ਤੂੰ ਅੱਜ ਤੋਂ ਸੱਤਵੇਂ ਦਿਨ ਮਰ ਜਾਵੇਂਗਾ। ਉਹ ਘਬਰਾ ਕੇ ਘਰ ਆ ਗਿਆ। ਘਰ ਪਹੁੰਚਣ ਸਾਰ ਉਸ ਨੂੰ ਤੇਜ ਤਾਪ ਚੜ੍ਹ ਗਿਆ। ਘਰਦਿਆਂ ਦੇ ਪੁੱਛਣ ਤੇ ਉਸ ਨੇ ਸਾਰੀ ਵਾਰਤਾ ਦੱਸੀ। ਪਰ ਘਰ ਦੇ ਜੀਆਂ ਨੇ ਗੱਲ ਆਈ-ਗਈ ਕਰ ਦਿੱਤੀ। ਜਦੋਂ ਸੱਤਵੇਂ ਦਿਨ ਉਸ ਦੀ ਮੌਤ ਹੋ ਗਈ ਤਾਂ ਸ਼ਾਕਰ ਸ਼ਾਹ ਤੇ ਕਿਸੇ ਇਲਾਹੀ ਬਖ਼ਸ਼ੀਸ਼ ਦੀ ਗੱਲ ਅੱਗ ਵਾਂਗ ਫੈਲ ਗਈ। ਪਿੰਡ ਵਾਸੀਆਂ ਨੂੰ ਯਕੀਨ ਹੋ ਗਿਆ ਕਿ ਇਹ ਸ਼ਾਕਰ ਸ਼ਾਹ ਕੋਈ ਆਮ ਰੂਹ ਨਹੀਂ ਬਲਕਿ ਕੋਈ ਇਲਾਹੀ ਫ਼ੁਰਮਾਨ ਦਾ ਘੱਲਿਆ ਬਖ਼ਸ਼ਿੰਦਾ ਫਕੀਰ ਸ਼ਾਕਰ ਸ਼ਾਹ ਹੈ।

ਜਿਉਂ-ਜਿਉਂ ਚਰਚਾ ਵਧਿਆ ਦੱਸਦੇ ਨੇ ਕਿ ਬਾਬਾ ਸ਼ਾਕਰ ਸ਼ਾਹ ਅਲੋਪ ਹੋ ਗਏ। ਪਰ ਪਿੰਡ ਵਾਸੀਆਂ ਨੇ ਜਿੱਥੇ ਬਾਬਾ ਜੀ ਬੈਠਦੇ ਸਨ ਉਸ ਵਣ ਹੇਠ ਬਾਬਾ ਜੀ ਦੀ ਜਗਾਹ ਬਣਾ ਦਿੱਤੀ ਤੇ ਮਾਨਤਾ ਕਰਨੀ ਸ਼ੁਰੂ ਕਰ ਦਿੱਤੀ। ਕਿਸੇ ਵੀ ਰੋਗ ਜਾਂ ਤਕਲੀਫ਼ ਦੇ ਨਿਵਾਰਨ ਆਦਿ ਦੀ ਮਾਨਤਾ ਦਾ ਪ੍ਰਚਲਨ ਵੀ ਅਰਾਂਈ ਮੁਸਲਿਮ ਕਬੀਲੇ ਨੇ ਕੀਤਾ। ਦੱਸਿਆ ਜਾਂਦਾ ਹੈ ਕਿ ਉਹ ਲੋਕ ਰੋਗ ਠੀਕ ਹੋਣ ਤੇ ਕੋਈ ਦੁਆ ਕਬੂਲੀ ਜਾਣ ਤੇ ਝਾੜੂ ਅਤੇ ਲੂਣ ਚੜ੍ਹਾਇਆ ਕਰਦੇ ਸਨ।

ਹਿੰਦ-ਪਾਕ ਦੀਆਂ ਵੰਡੀਆਂ ਤੋਂ ਬਾਅਦ ਜਦੋਂ ਪਾਕ ਵਤਨ ਦੇ ਉੱਜੜੇ ਇੱਥੋਂ ਦੇ ਵਸਨੀਕ ਹੋਏ ਤਾਂ ਇਸ ਅਸਥਾਨ ਦੀ ਮਾਨਤਾ ਤੇ ਮਹਾਤਮ ਦੇਖ ਕੇ ਇਸ ਤੋਂ ਮੁਤਾਸਿਰ ਹੋਇ ਬਿਨਾਂ ਨਾਂ ਰਹਿ ਸਕੇ ਅਤੇ ਆਪ ਵੀ ਇਸ ਪ੍ਰਚੱਲਨ ਨੂੰ ਵਿਰਸੇ ਵਜੋਂ ਅੱਗੇ ਅਪਣਾ ਲਿਆ।

ਇਸ ਸਮੇਂ ਦੌਰਾਨ ਇਸ ਮਜ਼ਾਰ ਦਾ ਆਕਾਰ ਬਹੁਤਾ ਵਿਸ਼ਾਲ ਅਤੇ ਆਲੀਸ਼ਾਨ ਨਹੀਂ ਸੀ। ਜਿਸ ਦੀ ਬਣਵਾਈ ਦੇ ਸੇਵਾ ਕੋਟਲੀ ਦੇ ਕਿਸੇ ਕੰਬੋਜ਼ ਬਰਾਦਰੀ ਦੇ ਖ਼ਿਦਮਤਗ਼ਾਰ ਦੇ ਲੇਖੇ ਲੱਗੀ ਦੱਸੀ ਜਾਂਦੀ ਹੈ। ਦੱਸਿਆ ਜਾਂਦਾ ਹੈ ਕਿ ਉਸ ਦੇ ਕਹਿਣ ਮੁਤਾਬਿਕ ਉਸ ਨੂੰ ਪੀਰ ਦਰਵੇਸ਼ ਨੇ ਸੁਪਨੇ ਵਿੱਚ ਇਸ ਸੇਵਾ ਨੂੰ ਕਰਨ ਲਈ ਪ੍ਰੇਰਿਆ ਅਤੇ ਬਲ ਬਖ਼ਸ਼ਿਆ। ਕਹਿੰਦੇ ਨੇ ਕਿ ਜਦੋਂ ਉਸ ਨੇ ਇਸ ਮਜ਼ਾਰ ਨੂੰ ਬਣਾਉਣ ਦਾ ਕੰਮ ਅੰਰਭਿਆ ਤਾਂ ਪਹਿਲੀ ਵਾਰ ਉਹ


ਬਲਦਾਂ ਦੇ ਗੱਡੇ ਤੇ ਪੰਜ ਸੋ ਇੱਟਾਂ ਦੇ ਕਰੀਬ ਲੱਦ ਕੇ ਲਿਆ ਰਿਹਾ ਸੀ ਜੋ ਕਿ ਲੱਦੀਆਂ-ਲਦਾਈਆਂ ਬਲਦ ਥੇੜ ਤੇ ਲੈ ਕੇ ਨਹੀਂ ਚੜ੍ਹ ਸਕਦੇ ਸਨ। ਪਰ ਸੇਵਾ ਲਈ ਆਇਆ ਕਰੀਬ ਪੰਜ ਸੋ ਇੱਟਾਂ ਦਾ ਭਰਿਆ ਗੱਡਾ ਬਿਨਾ ਰੁਕੇ ਬਿਨਾ ਕਿਸੇ ਉਚੇਰੇ ਉਪਰਾਲੇ ਤੋਂ ਮਜ਼ਾਰ ਬਣਾਈ ਜਾਣ ਵਾਲੀ ਥਾਂ ਤੀਕ ਪੁੱਜ ਗਿਆ। ਜਿਸ ਨੂੰ ਲੋਕਾਂ ਵੱਲੋਂ ਪੀਰ ਦੀ ਰਹਿਮਤ ਤੇ ਕਰਿਸ਼ਮੇ ਵਜੋਂ ਵਿਚਾਰਿਆ ਜਾਂਦਾ ਹੈ।

ਇਹ ਦਰਗ਼ਾਹ ਤੇ ਦੋ ਮਜ਼ਾਰਾ ਹੋਰ ਸਥਿਤ ਹਨ। ਜਿਹਨਾਂ ਵਿੱਚੋਂ ਦੂਸਰੀ ਮਜਾਰ ਪੀਰ ਬਾਬਾ ਸ਼ਾਕਰ ਸ਼ਾਹ ਦੇ ਭਤੀਜੇ ਦੀ ਦੱਸੀ ਜਾਂਦੀ ਹੈ। ਜਿਸ ਨੂੰ ਮੋਰੀਵਾਲੇ ਦੇ ਪੁਰਾਣੇ ਚੌਂਕੀਦਾਰ ਆਤਮਾ ਰਾਮ ਦੇ ਭਨੇਂਵੇ ਦੇ ਕਹਿਣ ਤੇ ਬਣਵਾਇਆਂ ਗਿਆ ਦੱਸਿਆ ਜਾਂਦਾ ਹੈ। ਕਹਿੰਦੇ ਨੇ ਕਿ ਆਤਮਾ ਰਾਮ ਦਾ ਭਣੇਵਾਂ ਸਾਵਨ ਦਾਸ ਬੜਾ ਬੰਦਗੀ ਕਰਨ ਵਾਲਾ ਮਨੁੱਖ ਸੀ, ਜਿਸ ਦੇ ਕਹਿਣ ਮੁਤਾਬਕ ਉਸ ਨੂੰ ਬਾਬਾ ਸ਼ਾਕਰ ਸ਼ਾਹ ਦੇ ਭਤੀਜੇ ਵੱਲੋਂ ਸੁਪਨੇ ਵਿੱਚ ਮਜ਼ਾਰ ਬਣਾਉਣ ਲਈ ਪ੍ਰੇਰਿਆ ਗਿਆ ਹੈ। ਜਿਸ ਤੋਂ ਉਸ ਨੇ ਪਿੰਡ ਵਾਲਿਆਂ ਨੂੰ ਅਗਾਹ ਕਰਵਾਇਆ। ਜਿਸ ਦੇ ਸਿੱਟੇ ਵਜੋਂ ਇੱਥੇ ਦੂਜੀ ਮਜਾਰ ਬਾਬਾ ਸ਼ਾਕਰ ਸ਼ਾਹ ਦੀ ਮਜ਼ਾਰ ਨਾਲ ਜੋੜਵੀਂ ਮਜ਼ਾਰ ਉਹਨਾਂ ਦੇ ਭਤੀਜੇ ਦੀ ਬਣਾਈ ਗਈ।

ਤੀਸਰੀ ਮਜ਼ਾਰ ਕਿਸੇ ਦੇਅ ਦੀ ਮੰਨੀ ਜਾਂਦੀ ਹੈ। ਜਿਸਨੇ ਹੋਰ ਥਾਂ ਜਾਣ ਨਾਲੋਂ ਬਾਬਾ ਸ਼ਾਕਰ ਸ਼ਾਹ ਦੀ ਹਜੂਰੀ ਵਿੱਚ ਰਹਿਣਾ ਕਬੂਲਿਆ ਹੈ, ਜਿਸਨੂੰ ਦੜਬੀ ਪਿੰਡ ਵਿੱਚੋਂ ਕਿਸੇ ਮੁਸਲਿਮ ਸਿਆਣੇ ਦੇ ਕਹਿਣ ਤੇ ਕਿਸੇ ਨੇ ਭਾਰ ਉਤਾਰੇ ਵਜੋਂ ਬਨਵਾਇਆ ਸੀ। ਜਿਸਦਾ ਕੋਈ ਬਹੁਤ ਮਹਾਤਮ ਕਬੂਲਿਆ ਨਹੀਂ ਜਾਂਦਾ। ਅਤੇ ਨਾ ਹੀ ਇਸ ਦਾ ਕੋਈ ਮਾਨਤਾ ਭਰਪੂਰ ਪਿਛੋਕੜ ਹੈ।

ਪਰ ਫੇਰ ਵੀ ਗਿਣਤੀ ਵਜੋਂ ਅੱਜ ਤਿੰਨ ਮਜ਼ਾਰਾ ਇਸ ਦਰਗ਼ਾਹ ਦੀ ਸ਼ੋਭਾ ਹਨ। ਜਿਉਂ-ਜਿਉਂ ਸਮਾਂ ਬੀਤਦਾ ਗਿਆ। ਇਸ ਦਰਗਾਹ ਦੀ ਮਾਨਤਾ ਵਿੱਚ ਵੀ ਸ਼ਮੂਲੀਅਤ ਹੁੰਦੀ ਰਹੀ। ਅੱਜ ਵੀ ਲੋਕ ਦੂਰ ਦਰਾਜ਼ ਤੋਂ ਪੀਰ ਬਾਬਾ ਸ਼ਾਕਰ ਦੇ ਦਰਬਾਰ ਵਿੱਚ ਸੱਜਦੇ ਕਰਨ ਆਉਂਦੇ ਹਨ। ਤੇ ਪੀਰ ਸ਼ਾਹ ਵੱਲੋਂ ਉਹਨਾਂ ਦੀਆਂ ਮੁਰਾਦਾਂ ਵਜੋਂ ਅੱਡੀਆਂ ਝੋਲੀਆਂ ਭਰੀਆਂ ਜਾਂਦੀਆਂ ਹਨ। ਕਹਿੰਦੇ ਨੇ ਕਿ ਇਸ ਦਰ ਤੇ ਦਰ-ਦਰ ਤੋਂ ਫਿਟਕਾਰਿਆਂ ਨੂੰ ਵੀ ਰਹਿਮਤਾਂ ਨਸੀਬ ਹੋਈਆਂ ਹਨ। ਇਸ ਗੱਲ ਦੀ ਗਵਾਹੀ ਦਰਗ਼ਾਹ ਤੇ ਜੁੜਦੇ ਸਵਾਲੀਆਂ ਦੀ ਬਹੁਗਿਣਤੀ ਦੇ ਝੁੰਡ ਅਤੇ ਮੁਰਾਦਾਂ ਪੂਰੀਆਂ ਹੋਣ ਵਜੋਂ ਕਰਵਾਈ ਮਜਾਰ ਦੀ ਬਣਵਾਈ ਦੀ ਸੇਵੀ ਦੇਂਦੀ ਹੈ।

ਆਸ਼ਕ ਫੱਕਰਾਂ ਬਾਜ ਨਾ ਮੂਲ ਜਾਣੋਂ,
ਸਾਂਭੇ ਇਸ਼ਕ ਕੀ ਗੁੰਦੀਆਂ ਤਾਣੀਆਂ ਨੂੰ।
ਬੀੜਾਂ ਪੀਰ-ਫ਼ਕੀਰ ਦੀ ਪੈੜ ਨੂੰ ਨਹੀਂ,
ਕੇਹੜਾ ਠੱਲ੍ਹਦਾ ਹੜ੍ਹ ਦੇ ਪਾਣੀਆਂ ਨੂੰ।
ਪੀਰ ਧੀਰ, ਫ਼ਕੀਰ ਤਾਂ ਇਲਤਜ਼ਾ ਹੈ,
ਜਾਣੋਂ ਵਾਲੀਂਦਾ ਦੇ ਵਲੀ ਹਾਣੀਆਂ ਨੂੰ।
ਰਹਮ ਨਜ਼ਰ ਤਾਂ ਹੁੱਜਤਾਂ ਹੋਣ ਸੱਜਦੇ,
ਕਰਮ ਵਿਸਰੇ, ਫਿਟਕ ਸਿਆਣੀਆਂ ਨੂੰ।
ਮੌਜ ਫੱਕਰਾਂ ਦੀ ਮੰਨੇ ਬੰਦਿਸ਼ਾਂ ਨਾਂ,
ਨਹੀਉਂ ਝੂਰਦੇ ਵੰਡੀਆਂ ਕਾਣੀਆਂ ਨੂੰ।
ਧਾਪੇ ਪੱਥਰੋਂ ਹੀਰੇ ਦੇ ਤੁੱਲ 'ਗ਼ਾਫ਼ਲ'
ਕੌਣ ਪੁੱਛਦਾ ਸੀ ਖਸਮਾਂ ਖਾਣੀਆਂ ਨੂੰ!!



(ਨੋਟ : ਅੱਜਕੱਲ ਪੀਰ ਬਾਬਾ ਸ਼ਾਕਰ ਸ਼ਾਹ ਦੀ ਯਾਦਗਿਰੀ ਨੂੰ ਮਨਾਉਂਦਿਆਂ 22 ਹਾੜ ਨੂੰ ਸਾਲਾਨਾ ਭੰਡਾਰਾ ਕਰਵਾਇਆ ਜਾਂਦਾ ਹੈ। ਜਿਸ ਵਿਚ ਫ਼ਨਕਾਰਾਂ ਦੀ ਸ਼ਿਰਕਤ ਚਾਰ ਚੰਦ ਲਾਉਂਦੀ ਹੈ ਅਤੇ ਪੀਰ-ਫ਼ਕੀਰਾਂ ਤੋਂ ਮੁਖ਼ਾਤਿਬ ਸੱਜਦੇ ਵਜੋਂ ਕਵਾਲ ਫੁਰਮਾਏ ਜਾਂਦੇ ਹਨ। ਜੋ ਰੰਗਤ-ਏ-ਇਬਾਦਤ ਦਾ ਉਚੇਰਾ ਢੰਗ ਕਬੂਲਿਆ ਗਿਆ ਹੈ)

ਮਨਫ਼ੀ ਨਾਂ ਹੁੰਦੀਆਂ ਰਹਿਮਤਾਂ



ਅਵਲ ਸੱਜਦਾ ਕਰੀਂ ਕਬੂਲ ਮੇਰਾ,
ਸਾਵੇਂ ਸ਼ਹਨਸ਼ਾਹ ਸੀਸ ਨਿਵਾਂਵਦੇ ਦਾ।
ਐਬ ਬਖ਼ਸ਼ ਨਵਾਜ਼ ਲਈਂ ਰਹਿਮਤਾਂ ਤੋਂ,
ਮਾਣ ਰੱਖੀਂ ਬਰੂਹੀਂ ਆਂਵਦੇ ਦਾ।
ਕੂਕਰ ਤੇਰੇ ਦਰਬਾਰ ਦਾ ਮੰਗਤਾ ਹਾਂ,
ਟੁੱਕ ਨਾਮ ਦਾ ਦੇ, ਮਨ ਭਾਂਵਦੇ ਦਾ।
'ਗ਼ਾਫ਼ਲ' ਤੇਰਾ ਨਵਾਜ਼ਿਆ ਅਰਸ਼ ਹੋਇਐ,
ਮੂੰਹ ਥੱਕੇ ਨਾ ਸਿਫ਼ਤਾਂ ਗਾਂਵਦੇ ਦਾ।

ਰੰਗਤ-ਏ-ਭੌਇਪੁਰ ਕਹਿਣ ਤੋਂ ਭਾਵ ਇਹ ਖੇੜੇ, ਇਹ ਖੁਸ਼ੀਆਂ ਦੇ ਝੁਰਮਟਾਂ ਨਾਲ ਸ਼ਿਗਾਰੀ ਰੰਗਤ ਭਰੀ ਫੁਲਕਾਰੀ ਔਢ ਕੇ ਬਈਠੀ ਇਤਫਾਕ, ਏਕੇ ਅਤੇ ਸੂਰਮਤਾਈ ਦੇ ਜ਼ਜ਼ਬੇ ਦੀ ਜਿਉਂਦੀ ਜਾਗਦੀ ਮਿਸਾਲ ਪਾਕ ਸਰਜ਼ਮੀਂ ਮੋਰੀਵਾਲੇ ਦੀ ਧਰਤੀ। ਜਿਸ ਦੀ ਇਸ ਹੋਂਦ ਨੂੰ ਇਲਾਹੀ ਖਖ਼ਸ਼ੀਸ਼ ਨਾ ਕਹੀਏ

ਤਾਂ ਇਹ ਨਾਸ਼ੁਕਰੇ ਹੋਣ ਦਾ ਦ੍ਹਾਵਾ ਹੋਵੇਗਾ।

ਇਸ ਧਰਤੀ ਦੇ ਆਂਚਲ ਵਿੱਚ ਹੋਣ ਵਾਲੇ ਸੰਤਾਂ-ਮਹਾਂਪੁਰਖਾਂ ਦੇ ਯਾਦਗ਼ਿਰੀ ਜੋੜ ਮੇਲਿਆਂ, ਦੇਸ਼ ਕੌਮ ਦੀ ਖ਼ਾਤਿਰ ਕੁਰਬਾਨ ਹੋਏ ਸੂਰਵੀਰਾਂ ਦੀ ਯਾਦ ਵਿੱਚ ਹੋਣ ਵਾਲੇ ਖੇਡ ਮੇਲਿਆਂ, ਜੋੜ ਮੇਲਿਆਂ ਦੀ ਅਗਵਾਹੀ ਵਿੱਚ ਚਲਦੇ ਅਟੁੱਟ ਲੰਗਰਾਂ ਅਤੇ ਪੀਰ-ਫ਼ਕੀਰ ਦੀ ਦਰਗ਼ਾਹ ਤੇ ਹੋਣ ਵਾਲੀ ਸਾਲਾਨਾ ਕਵਾਲਾਂ ਦੀ ਜੁਗਲਬੰਦੀ ਨੂੰ ਤੱਕ ਕੇ ਇਸ ਸਰਜ਼ਮੀਂ ਤੋਂ ਮੁਤਾਸਿਰ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ।

ਇਸ ਰੰਗਤ ਨੂੰ ਤੱਕ ਕਦੀ-ਕਦੀ ਇੰਜ ਮਹਿਸੂਸ ਹੋਣ ਲੱਗ ਜਾਂਦੈ ਕਿ ਸ਼ਾਇਦ ਸਾਰੀ ਕਾਇਨਾਤ ਦੀਆਂ ਖੁਸ਼ੀਆਂ ਪਰਵਰਦਿਗ਼ਾਰ ਨੇ ਸਮੇਟ ਕੇ ਇਸੇ ਧਰਤੀ ਤੇ ਨਿਉਛਾਵਰ ਕਰ ਦਿੱਤੀਆਂ ਹੋਣ।ਐਸੇ ਖੁਸ਼ਗਵਾਰ ਤੇ ਖੁਸ਼ਨੁਮਾ ਆਲਮ ਦੀ ਮੌਜ ਭਰੀ ਨਸ਼ੀਲੀ ਰੰਗਤ 'ਚੋਂ ਇਲਾਹੀ ਬਖ਼ਸ਼ੀਸ਼ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ।

ਜਿੱਥੇ ਇਸ ਧਰਤੀ ਤੇ ਇਲਾਹੀ ਬਖ਼ਸ਼ੀਸ਼ ਨੂੰ ਤਵੱਜੋ ਦਿੱਤਾ ਜਾਂਦਾ ਹੈ।ਉਥੇ ਇਸ ਪਾਕ ਸਰਜ਼ਮੀਂ ਨੂੰ ਬ੍ਰਹਮਗਿਆਨੀ ਸੰਤ ਮਹਾਂਪੁਰਖ ਸੰਤ ਬਾਬਾ ਜੈ ਰਾਮ ਦਾਸ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਜਿਹਨਾਂ ਨੇ ਕਾਫ਼ੀ ਸਮਾਂ ਮੋਗੀਵਾਲੇ ਦੀ ਧਰਤੀ ਤੇ ਆਪਣੀ ਪਾਵਨ ਦੇਹ ਨੂੰ ਵਿਰਾਜਮਾਨ ਰੱਖਿਆ ਅਤੇ ਆਪਣੇ ਗੁਰੂਜਨਾਂ ਦੇ ਸੰਚਾਲਿਤ ਧਰਮ ਕਾਰਜ ਲੋਹ ਦੇ ਲੰਗਰ ਦੀ ਰੀਤ ਨੂੰ ਚਲਾਇਮਾਨ ਰੱਖਦਿਆਂ ਸਲਾਨਾ ਜੋੜ ਮੇਲੇ ਦੇ ਆਯੋਜਨ ਨੂੰ ਵੀ ਬਰਕਾਰ ਰੱਖਿਆ।

ਜਿਹਨਾਂ ਦੀ ਰਹਿਮਤ ਭਰੀ ਨਜ਼ਰ ਤੇ ਇਲਾਹੀ ਸਰੂਪ ਨੂੰ ਤਮਾਮ ਨਗਰ ਵਾਸੀਆਂ ਵੱਲੋਂ ਬਿਨਾਂ ਕਿਸੇ ਦੋ ਚਿੱਤੀ ਦੇ ਕਬੂਲਿਆ ਜਾਂਦਾ ਹੈ। ਅੱਜ ਵੀ ਡੇਰਾ ਬਾਬਾ ਨਰਾਇਣ ਦਾਸ ਜੀ ਡੇਰਾ ਬਾਬਾ ਜੈ ਰਾਮ ਦਾਸ ਜੀ ਵਿੱਚ ਨਗਰ ਵਾਸੀਆਂ ਵੱਲੋਂ ਉਹਨਾਂ ਦੀ ਪਾਵਨ ਯਾਦ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ।

ਪਰ ਇਹ ਵੀ ਸੱਚ ਹੈ ਕਿ ਹਰ ਕਿਸੇ ਚਲਾਇਮਾਨ ਰਹੁ-ਰੀਤੀ ਪਿੱਛੇ ਕੋਈ ਇਤਿਹਾਸਕ ਕਾਰਨ ਲਾਜ਼ਮੀ ਹੁੰਦਾ ਹੈ। ਜੇਕਰ ਇਸ ਇਤਿਹਾਸਕ ਕਾਰਨ ਨੂੰ ਮਨਫ਼ੀ ਕਰਕੇ ਕਿਸੇ ਵੀ ਰਹੁ-ਰੀਤੀ ਨੂੰ ਵਿਚਾਰਿਆ ਜਾਵੇ ਤਾਂ ਉਹ ਬਿਲਕੁਲ ਬੇਮਾਨੇ ਜਾਪਦੀ ਹੈ।

ਇਸੇ ਤਰ੍ਹਾਂ ਡੇਰਾ ਬਾਬਾ ਨਰਾਇਣ ਦਾਸ ਡੇਰਾ ਬਾਬਾ ਜੈ ਰਾਮਦਾਸ

ਜੀ ਦੇ ਇਤਿਹਾਸਕ ਪਿਛੋਕੜ ਨੂੰ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਬਾਬਾ ਜੈ ਰਾਮ ਦਾਸ ਜੀ ਉਦਾਸੀ ਸਾਧੂ ਮੱਤ ਦੀ ਚਲਾਇਮਾਨ ਪੰਜਵੀਂ ਪੀੜੀ ਚੋਂ ਸਨ।

ਇਤਿਹਾਸ ਦੇ ਪੰਨਿਆਂ ਦੀ ਅਗਵਾਹੀ ਕਬੂਲੀਏ ਤਾਂ ਇਸ ਪੀੜੀ ਦੀ ਸ਼ੁਰੂਆਤ ਸੰਤ ਬਾਬਾ ਸੁਖ਼ਨਿਧਾਨ ਜੀ ਤੋਂ ਹੋਈ ਮੰਨੀ ਜਾਂਦੀ ਹੈ। ਦੱਸਿਆ ਜਾਂਦਾ ਹੈ ਕਿ ਬਾਬਾ ਸੁਖ਼ਨਿਧਾਨ ਜੀ ਲਾਇਲਪੁਰ ਜਿਲ੍ਹੇ ਦੇ ਸ਼ਹਿਰ ਕਮਾਲੀਏ ਦੇ ਅਰੋੜਵੰਸ਼ੀ ਮਿੱਢੇ ਪਰਿਵਾਰ ਨਾਲ ਸੰਬੰਧਤ ਸਨ। ਬਾਲ ਉਮਰ ਤੋਂ ਹੀ ਇਹ ਉਦਾਸੀ ਮੱਤ ਦੇ ਧਾਰਨੀ ਸਨ। ਜਿਹਨਾਂ ਦਾ ਰੁਝੇਵਾਂ ਪਰੋਪਕਾਰ ਵੱਲ ਵਧੇਰੇ ਸੀ। ਕਰੀਬ 70 ਕੁ ਸਾਲ ਦੀ ਆਰਜ਼ਾ ਵੇਲੇ ਇਹ ਗੜ-ਫਤਿਹਸ਼ਾਹ ਆ ਗਏ ਜਿੱਥੇ ਇਹਨਾਂ ਇੱਕ ਨਿੱਕੀ ਜਹੀ ਕੁਟੀਆ ਵਿੱਚ ਵਸੇਬਾ ਮੁਕਰਰ ਕੀਤਾ। ਗੜ੍ਹ-ਫਤਿਹਸ਼ਾਹ ਇੱਕ ਐਸਾ ਕਸਬਾ ਸੀ ਜੋ ਕਿ ਮਿੰਟਗੁਮਰੀ, ਤਾਦੰਲਾ ਮੰਡੀ, ਸਮੁੰਦਰੀ ਸ਼ਹਿਰ ਅਤੇ ਸਿੰਙੀਆਲਾ ਜਿਸ ਨੂੰ ਕਿ ਮਾਮਗੰਜ ਵੀ ਕਿਆ ਜਾਂਦਾ ਸੀ ਦੇ ਵਿਚਾਲੇ ਸਥਿਤ ਸੀ। ਇਹ ਮੁਲਤਾਨੀ ਇਲਾਕਾ ਸੀ ਅਤੇ ਹਿੰਦੂ ਸ਼ਹਿਰ ਵੀ ਸੀ ਅਤੇ ਇੱਥੇ ਯਾਤਰੂ ਬਹੁਗਿਣਤੀ ਵਿੱਚ ਆਉਂਦੇ ਸਨ ਤੇ ਰਾਤ ਰਿਹਾ ਕਰਦੇ ਸਨ। ਇਸ ਲਈ ਜਨਸੇਵਾ ਲਈ ਉਸ ਵੇਲੇ ਦੀ ਉੱਤਮ ਜਗਾਹ ਬਾਬਾ ਸੁਖ਼ਨਿਧਾਨ ਜੀ ਨੂੰ ਇਹ ਲੱਗੀ। ਜਿਸ ਕਾਰਨ ਇੱਥੇ ਉਹਨਾਂ ਨੇ ਕੁਟੀਆ ਬਣਾ ਲਈ ਅਤੇ ਆਉਣ ਵਾਲੇ ਯਾਤਰੂਆਂ ਦੀ ਸੇਵਾ ਸੰਭਾਲ ਕਰਨ ਲੱਗ ਪਏ।

ਇਹਨਾਂ ਕੋਲ ਬਾਬਾ ਨਰਾਇਣ ਦਾਸ ਜੀ ਅਕਸਰ ਆਇਆ ਕਰਦੇ ਸਨ। ਇਹਨਾਂ ਦੇ ਵਿਚਾਰਾਂ ਤੋਂ ਬਾਬਾ ਨਰਾਇਣ ਦਾਸ ਜੀ ਇੰਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਉਦਾਸੀ ਮੱਤ ਕਬੂਲ ਲਿਆ ਅਤੇ ਇਹਨਾਂ ਦੇ ਮੁਰੀਦ ਹੋ ਗਏ।

ਬਾਬਾ ਨਰਾਇਣ ਦਾਸ ਜੀ ਦਾ ਜਨਮ ਗੜ੍ਹ ਫਤਿਹਸ਼ਾਹ ਦੇ ਇੱਕ ਅਰੋੜਵੰਸ਼ ਦੇ ਕਟਾਰੀਆ ਪਰਿਵਾਰ ਦਾ ਦੱਸਿਆ ਜਾਂਦਾ ਹੈ। ਇਹ ਬਾਬਾ ਸੁਖ਼ਨਿਧਾਨ ਜੀ ਦੀ ਪ੍ਰੇਰਨਾ ਕਬੂਲਦਿਆਂ ਰਾਵੀ ਦੇ ਕਿਨਾਰੇ ਕਾਫ਼ੀ ਸਮਾਂ ਤਪ ਰਤ ਰਹੇ। ਬਾਬਾ ਨਰਾਇਣ ਦਾਸ ਜੀ ਤੋਂ ਮੁਖ਼ਾਤਿਬ ਕਾਫ਼ੀ ਸਾਖ਼ੀਆਂ ਵੀ ਪ੍ਰਚੱਲਿਤ ਹਨ। ਜਿਹਨਾਂ ਵਿੱਚੋਂ ਇੱਕ ਸਾਖੀ ਵਿੱਚ ਇਕ ਵਾਰ ਪਲੇਗ ਦੀ ਬੀਮਾਰੀ ਫੈਲਣ ਤੇ ਕਾਫ਼ੀ ਜਾਨ ਮਾਲ ਦਾ ਨੁਕਸਾਨ ਹੋ ਰਿਹਾ ਸੀ ਤਾਂ ਬਾਬਾ ਜੀ ਡਾਂਗ ਲੈ ਕੇ ਪਿੰਡ ਦੇ ਬਾਹਰ ਜਾ ਖੜੇ ਹੋ ਗਏ। ਦੱਸਦੇ ਨੇ ਕਿ ਤਰਕਾਲਾਂ ਵੇਲੇ ਮੱਝਾਂ ਨੂੰ ਪਾਣੀ ਪਿਆਉਣ ਲਈ ਪਿੰਡੋਂ ਬਾਹਰ ਇੱਕ ਮੁਸਲਿਮ ਕਬੀਰ ਅਤੇ ਇੱਕ ਹਿੰਦੂ ਪੁੱਖਰਦਾਸ ਨਾਂ ਦੇ ਦੋ ਸ਼ਕਸ ਸਬੱਬੀਂ ਗਏ। ਤਾਂ ਬਾਬਾ ਜੀ ਨੂੰ

ਦੇਖ ਕੇ ਕਹਿਣ ਲੱਗੇ ਕਿ ਬਾਬਾ ਜੀ ਤਰਕਾਲਾਂ ਵੇਲੇ ਸ਼ਹਿਰੋਂ ਬਾਹਰ ਕਿਉਂ ਖੜ੍ਹੇ ਹੋ। ਤਾਂ ਕਹਿੰਦੇ ਨੇ ਕਿ ਬਾਬਾ ਜੀ ਨੇ ਉੱਤਰ ਦਿੱਤਾ ਕਿ ਮੈਂ ਪਲੇਗ ਦੀ ਬਿਮਾਰੀ ਨੂੰ ਸ਼ਹਿਰ ਵਿੱਚ ਆਉਣ ਨਹੀਂ ਦੇਣਾਂ ਉਸੇ ਨੂੰ ਡੱਕਣ ਲਈ ਖੜ੍ਹਾ ਹਾਂ।

ਬਜ਼ੁਰਗ ਇਸ ਸੱਚ ਨੂੰ ਬੇਝਿਕ ਕਬੂਲਦੇ ਹਨ ਕਿ ਇਸ ਸ਼ਹਿਰ ਵਿਚ ਪਲੇਗ ਦੀ ਬਿਮਾਰੀ ਨਹੀਂ ਫੈਲੀ ਤੇ ਨਾਂ ਹੀ ਕੋਈ ਪਲੇਗ ਤੋਂ ਬਿਮਾਰ ਹੋਇਆ।

ਬਾਬਾ ਨਰਾਇਣ ਦਾਸ ਜੀ ਬੜੇ ਨਰਮ ਸੁਭਾਅ ਦੇ ਸਨ। ਹਰ ਆਉਣ ਵਾਲੇ ਰਾਹਗੀਰ ਨੂੰ ਲੰਗਰ ਆਦਿ ਛਕਾਇਆ ਕਰਦੇ ਸਨ। ਇਹਨਾਂ ਦੇ ਡੇਰੇ ਜੋ ਕਿ ਗੜ੍ਹ ਫਤਿਹਸ਼ਾਹ ਵਿਚ ਬਾਬਾ ਮੁਖ਼ਨਿਧਾਨ ਜੀ ਨੇ ਸਥਾਪਿਤ ਕੀਤਾ ਸੀ ਵਿੱਚ ਪਰੋਪਰਕਾਰ ਤੇ ਸੇਵਾ ਭਾਵ ਵਜੋਂ ਸੇਵਾ ਕਰਨ ਵਾਲੇ ਸੇਵਾਦਾਰ ਵੀ ਸਨ। ਬਾਬਾ ਚਰਨ ਦਾਸ ਜੀ ਜੋ ਕਿ ਖਤੱਰੀ ਵੰਸ਼ ਦੇ ਸਾਇਗਲ ਗੋਤ ਨਾਲ ਸੰਬੰਧਿਤ ਪਰਿਵਾਰ ਵਿਚੋਂ ਸਨ ਅਤੇ ਬਾਬਾ ਨਰਾਇਣ ਦਾਸ ਜੀ ਦੇ ਬੜੇ ਪਿਆਰੇ ਸ਼ਾਗਿਰਦਾਂ ਵਿੱਚੋਂ ਸਨ। ਬਾਬਾ ਨਰਾਇਣ ਦਾਸ ਜੀ ਤੋਂ ਬਾਅਦ ਡੇਰੇ ਦੀ ਜਿੰਮੇਵਾਰੀ ਬਾਬਾ ਚਰਨ ਦਾਸ ਜੀ ਤੇ ਆ ਗਈ। ਸੇਵਾ ਦੇ ਖ਼ਰਚੇ ਦੇ ਨਾਲ-ਨਾਲ ਆਉਣ ਵਾਲੀਆਂ ਸੰਗਤਾਂ ਵੱਲੋਂ ਚੜ੍ਹਾਵਾ ਚੜ੍ਹਦਾ ਸੀ। ਬਾਬਾ ਜੀ ਨੇ ਚੜ੍ਹਾਵੇ ਦੀ ਪੂੰਜੀ ਤੋਂ ਲੰਗਰ ਦੇ ਨਾਂ ਤੋਂ ਹੀ ਜਮੀਨ ਲਈ ਅਤੇ ਲੰਗਰ ਦੇ ਨਾਂ ਕਰਵਾ ਦਿੱਤੀ। ਕਰੀਬ ਢਾਈ ਮੁਰੱਬੇ ਦੇ ਕਰੀਬ ਜ਼ਮੀਨ ਬਾਬਾ ਜੀ ਨੇ ਖਰੀਦੀ ਅਤੇ ਡੇਢ ਕੁ ਮੁਰੱਬਾ ਸੰਗਤ ਵੱਲੋਂ ਡੇਰੇ ਨੂੰ ਦਾਨ ਕੀਤੀ ਗਈ। ਇਹ ਜ਼ਮੀਨ ਤਕਰੀਬਨ ਚਾਰ ਮੁਰੱਬੇ ਦੇ ਕਰੀਬ ਸੀ। ਜਿਸ ਦੀ ਆਮਦਨ ਤੋਂ ਲੋਹ ਦਾ ਲੰਗਰ ਡੇਰੇ ਵੱਲੋਂ ਹੋਰ ਵਧੀਆ ਢੰਗ ਨਾਲ ਕਰਵਾਇਆ ਜਾਣ ਲੱਗਾ। ਬਾਬਾ ਜੀ ਦੇ ਸੇਵਾਦਾਰਾਂ ਦੀ ਗਿਣਤੀ ਵੀ ਕਾਫ਼ੀ ਸੀ ਜਿਹਨਾਂ ਦੀ ਅਗਵਾਈ ਬਾਬਾ ਆਤਮ ਸਰਣ ਦਾਸ ਜੀ ਕਰਿਆ ਕਰਦੇ ਸਨ ਅਤੇ ਇਹਨਾਂ ਤੋਂ ਇਲਾਵਾ ਬਾਬਾ ਜੈ ਰਾਮ ਦਾਸ ਜੀ ਵੀ ਬਾਬਾ ਚਰਨ ਦਾਸ ਜੀ ਦੇ ਬੜੇ ਅਜੀਜ ਸ਼ਾਗਿਰਦਾਂ ਵਿੱਚੋਂ ਸਨ। ਜਿਹਨਾਂ ਨੂੰ ਕਾਫ਼ੀ ਵਾਰ ਬਾਬਾ ਜੀ ਨੇ ਸੇਵਾ ਸੰਭਾਲਣ ਲਈ ਕਿਹਾ। ਪਰ ਬਾਬਾ ਜੀ ਸੇਵਾ ਦੀ ਜਿੰਮੇਵਾਰੀ ਤੋਂ ਬੜਾ ਬਚਿਆ ਕਰਦੇ ਸਨ। ਬਾਬਾ ਜੈ ਰਾਮ ਦਾਸ ਜੀ ਸੇਵਾਦਾਰਾਂ ਦੇ ਆਗੂ ਨਾਲੋਂ ਸੇਵਾਦਾਰ ਬਣ ਕੇ ਰਹਿਣ ਵਿੱਚ ਖੁਸ਼ੀ ਮਹਿਸੂਸ ਕਰਦੇ ਸਨ।

ਬੈਠ ਗੱਦੀ ਤੇ ਜ਼ਾਲਮ ਹਾਕਮਾਂ ਚੋਂ,
ਵੇ ਮੈਂ ਪਲਾਂ 'ਚ ਹੁੰਦੇ ਦਿਲਗ਼ੀਰ ਵੇਖੇ,



ਅੱਖੀਂ ਵੇਖਿਆਂ ਦੀਨ ਤੋਂ ਡੋਲਿਆਂ ਨੂੰ,
ਝੱਟ ਨੋਟਾਂ ਲਈ ਟੁੱਟਦੇ ਧੀਰ ਵੇਖੇ।
ਗੁਰੂ ਚਾੜ੍ਹ ਕੇ ਸੂਲੀ ਤੇ ਆਪ ਹੱਥੀਂ,
ਬੈਠ ਗੱਦੀ ਤੇ ਬਣਦੇ ਪੀਰ ਵੇਖੇ,
ਗ਼ਾਫ਼ਲ ਇਹਤੋਂ ਕੀ ਪਾਕ ਫਕੀਰ ਹੋਣੇ,
ਜਿਹਨਾਂ ਆਪਣੇ ਕਲੇਜੇ ਨੇ ਚੀਰ ਵੇਖੇ॥

ਬਾਬਾ ਚਰਨ ਦਾਸ ਜੀ ਦੀ ਤਬੀਅਤ ਕਾਫ਼ੀ ਖ਼ਰਾਬ ਰਹਿਣ ਕਾਰਨ ਬਾਬਾ ਜੀ ਨੇ ਗੱਦੀ ਅਤੇ ਸੇਵਾ ਦੀ ਜ਼ਿੰਮੇਵਾਰੀ ਬਾਬਾ ਆਤਮ ਸਰਣ ਦਾਸ ਜੀ ਨੂੰ ਸੌਂਪ ਦਿੱਤੀ। ਬਾਬਾ ਜੈ ਰਾਮ ਦਾਸ ਜੀ ਜਿਲਾ ਜਲੰਧਰ ਤਹਿਸੀਲ ਫ਼ਗਵਾੜਾ ਪਿੰਡ ਰਾਣੀ ਸੂਹਾਂ ਦੇ ਜੰਮਪਲ ਸਨ ਅਤੇ ਕੰਬੋਜ ਬਿਰਾਦਰੀ ਦੀ ਗੋਤ ਮਿਰੋਕ ਨਾਲ ਸੰਬੰਧ ਰੱਖਦੇ ਸਨ। ਇਸ ਸਮੇਂ ਦੌਰਾਨ ਇਹਨਾਂ ਦਾ ਪਰਿਵਾਰ ਪਿੰਡ ਲੰਮਾਂ ਵਿਖੇ ਚਲਾ ਗਿਆ ਸੀ। ਜਿੱਥੇ ਇਹਨਾਂ ਨੇ ਕਾਫ਼ੀ ਸਮਾਂ ਕੱਟਿਆ। ਅਰਸਾ ਕਰੀਬ 10 ਸਾਲ ਬਾਬਾ ਆਤਮ ਸਰਣ ਦਾਸ ਜੀ ਨੇ ਸਾਧ ਸੰਗਤ ਦੀ ਸੇਵਾ ਕੀਤੀ। ਬਾਬਾ ਚਰਨ ਦਾਸ ਜੀ ਦੇਹ ਤਿਆਗ ਗਏ। ਬਾਬਾ ਜੀ ਦੀ ਬਰਸੀ ਤੇ ਪੁੱਜੇ ਬਾਬਾ ਜੈ ਰਾਮ ਦਾਸ ਜੀ ਨੂੰ ਦਸਤਾਰ ਬੰਦੀ ਵੇਲੇ ਕਸਬਾ ਵਾਸੀਆਂ ਨੇ ਘੇਰਾ ਪਾ ਲਿਆ ਅਤੇ ਬਾਬਾ ਆਤਮ ਸਰਣ ਦਾਸ ਜੀ ਨੇ ਆਪਣੇ ਹੱਥੀਂ ਇਹਨਾਂ ਦੇ ਸਿਰ ਤੇ ਦਸਤਾਰ ਬੰਨ੍ਹੀ ਅਤੇ ਸਾਧ ਸੰਗਤ ਦੀ ਜਿੰਮੇਵਾਰੀ ਸੌਂਪੀਂ।

ਇਸ ਤੋਂ ਬਾਅਦ ਬਾਬਾ ਜੈ ਰਾਮ ਦਾਸ ਜੀ ਗੜ੍ਹ-ਫਤਿਹਸ਼ਾਹ ਦੇ ਹੀ

ਵਸਨੀਕ ਹੋ ਗਏ। ਇਹ ਬੜੇ ਨਿੱਘੇ ਸੁਭਾਅ ਦੇ ਧਾਰਨੀ ਸਨ। ਸੇਵਾ ਭਾਵਨਾ ਇੰਨੀ ਹੋਇਆ ਕਰਦੀ ਸੀ ਕਿ ਆਉਣ-ਜਾਣ ਵਾਲੇ ਯਾਤਰੂ ਜਾਂ ਰਾਹਗੀਰ ਨੂੰ ਆਪ ਪਰਛਾਦਾ ਪਕਾ ਕਿ ਛਕਾਇਆ ਕਰਦੇ ਸਨ। ਤੇ ਸੌ ਰਹੇ ਯਾਤਰੂਆਂ ਦੇ ਪੈਰ ਦਬਾਇਆ ਕਰਦੇ ਸਨ। ਇਹਨਾਂ ਦੇ ਸਮੇਂ ਡੇਰੇ ਵਿੱਚ ਘੱਟੋ-ਘੱਟ 30-35 ਯਾਤਰੂ ਹਰ ਰੋਜ਼ ਹੋਇਆ ਕਰਦੇ ਸਨ।

ਇਕ ਦਿਨ ਦੱਸਦੇ ਨੇ ਕਿ ਇੱਕ ਅੰਗਰੇਜ਼ ਯਾਤਰੂ ਪੰਜਾਬੀ ਭੇਸ ਧਾਰ ਕੇ ਕਰੀਬ ਰਾਤ ਸਾਡੇ ਕੁ ਬਾਰਾਂ ਵਜੇ ਡੇਰੇ ਵਿਚ ਆਇਆ ਤੇ ਬਾਬਾ ਜੀ ਨੂੰ ਕਹਿਣ ਲੱਗਾ ਕਿ ਪਰਛਾਦਾ ਛਕਣੈ। ਤਾਂ ਬਾਬਾ ਜੀ ਨੇ ਉਸੇ ਵੇਲੇ ਆਪਣੇ ਹੱਥੀਂ ਪਰਛਾਦਾ ਪੱਕਾ ਕੇ ਦਿੱਤਾ। ਥੱਕਿਆ ਹੋਣ ਕਾਰਨ ਉਹ ਲੇਟਦਿਆਂ ਹੀ ਸੌਂ ਗਿਆ। ਬਾਬਾ ਜੀ ਨੇ ਉਸ ਦੇ ਪੈਰ ਦਬਾਏ। ਉਸ ਅੰਗਰੇਜ਼ ਯਾਤਰੁ ਨੇ ਇਸ ਸਾਰੀ ਵਾਰਤਾ ਤੋਂ ਪ੍ਰਭਾਵਿਤ ਹੋਣ ਤੇ ਡੇਰੇ ਨੂੰ ਸ਼ਰਧਾ ਸਰੂਪ-ਅੱਧਾ ਮੁਰੱਬਾ ਜ਼ਮੀਨ ਦਾਨ ਕੀਤੀ, ਤਾਂ ਕਿ ਯਾਤਰੂਆਂ ਦੀ ਸੇਵਾ ਸੰਭਾਲ ਹੋਰ ਚੰਗੇ ਢੰਗ ਨਾਲ ਹੋਇਆ ਕਰੇ।

ਇਸੇ ਸਮੇਂ ਦੌਰਾਨ ਭਾਰਤ-ਪਾਕ ਦੀਆਂ ਹੱਦਾਂ-ਸਰਹੱਦਾਂ ਦੀਆਂ ਵੰਡੀਆਂ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ।

ਬਾਬਾ ਜੈ ਰਾਮ ਦਾਸ ਜੀ ਗੜ੍ਹ-ਫਤਿਹਸ਼ਾਹ ਤੋਂ ਜਲੰਧਰ ਆ ਗਏ ਜਿੱਥੇ ਇਹ ਪੰਜ ਪੀਰ ਬਾਜਾਰ ਮਸਜਿਦ ਵਿੱਚ ਰਹੇ ਅਤੇ ਇੱਥੇ ਆ ਕੇ ਵੀ ਮੇਲੇ ਕਰਵਾਏ। ਦੋ ਮੁਰੱਬੇ ਜ਼ਮੀਨ ਵੀ ਲੰਗਰ ਦੀ ਡੇਰੇ ਦੇ ਨਾਲ ਹੀ ਜਲੰਧਰ-ਨਕੋਦਰ ਤਹਿਸੀਲ ਦੇ ਪਿੰਡ ਬਘੇਲਾ ਵਿਖੇ ਅਲਾਟ ਕਰ ਦਿੱਤੀ ਗਈ। ਬਾਕੀ ਦੀ ਡੇਢ ਮੁਰੱਬਾ ਜ਼ਮੀਨ ਖਾਰਾ ਖੇੜੀ ਜ਼ਿਲਾ ਹਿਸਾਰ ਵਿਖੇ ਅਲਾਟ ਹੋਈ, 1950 ਤੱਕ ਜਲੰਧਰ ਵਿਖੇ ਬਾਬਾ ਜੀ ਡੇਰੇ ਦੀ ਸੇਵਾ ਕਰਦੇ ਰਹੇ।

ਇਸ ਤੋਂ ਬਾਅਦ 16 ਮਈ 1950 ਨੂੰ ਪੱਕੀ ਅਲਾਟਮੈਂਟ ਵੇਲੇ ਮੋਗੀਵਾਲੇ ਚਾਰ ਮੁਰੱਬੇ ਜ਼ਮੀਨ ਡੇਰੇ ਨੂੰ ਅਲਾਟ ਹੋਈ ਤੇ ਬਾਬਾ ਜੀ ਵੀ ਮੋਗੀਵਾਲੇ ਆ ਕੇ ਵਸ ਗਏ।

ਇੱਥੋਂ ਦੇ ਵਸਨੀਕ ਵੀ ਬਾਬਾ ਜੀ ਦੀ ਵਿਨਮਰਤਾ ਦੇ ਕਾਇਲ ਸਨ। ਬਾਬਾ ਜੀ ਕਿਸੇ ਵੀ ਆਉਣ ਜਾਣ ਵਾਲੇ ਨੂੰ ਗੁਰੂ ਘਰੋਂ ਰਾਤ-ਬਰਾਤੇ ਲੰਗਰ ਛਕਣ ਤੋਂ ਬਿਨਾਂ ਨਹੀਂ ਸੀ ਜਾਣ ਦਿੰਦੇ।

1950-51 ਦਾ ਮੇਲਾ ਬਾਬਾ ਜੀ ਨੇ ਮੋਗੀਵਾਲੇ ਕਰਵਾਇਆ। ਇਹ ਜੋੜ ਮੇਲਾ ਮਹਾਂਪੁਰਖਾਂ ਦੀ ਯਾਦ ਵਿੱਚ ਬਾਬਾ ਜੀ ਡੇਰਾ ਗੜ੍ਹ-ਫਤਿਹਸ਼ਾਹ ਤੋਂ

ਹੀ ਕਰਵਾਉਂਦੇ ਆ ਰਹੇ ਸਨ। ਜੋ ਕਿ 3 ਤੋਂ 5 ਕੱਤਕ ਨੂੰ ਕਰਵਾਇਆ ਜਾਂਦਾ ਹੈ।

1952-53 ਵਿੱਚ ਦੋ ਸਾਲ ਜੋੜ ਮੇਲਾ ਕਿਸੇ ਕਾਰਨ ਨਾ ਹੋ ਸਕਿਆ ਪਰ ਨਗਰ ਵਾਸੀਆਂ ਦੇ ਯਤਨ ਸਦਕਾ ਇਹ ਮੁੜ 1954 ਵਿੱਚ ਦੁਬਾਰਾ ਚਾਲੂ ਕਰਵਾਇਆ ਗਿਆ। ਸਾਲ ਦਰ ਸਾਲ ਮੇਲੇ ਦੀ ਰੌਣਕ ਵਧਦੀ ਗਈ। ਸ਼ਰਧਾਲੂ ਆਪਣੀ ਮਨੋਕਾਮਨਾ ਤੋਂ ਮੁਖ਼ਾਤਿਬ ਹੋ ਕੇ ਆਖੰਡ ਪਾਠ ਕਰਵਾਉਂਦੇ ਅਤੇ ਅਖੰਡ ਪਾਠ ਕਰਵਾਉਣ ਦੀ ਸੇਵਾ ਆਦਿ ਸੁੱਖਦੇ ਸਨ।

ਇਸ ਤਰ੍ਹਾਂ ਮੇਲਾ ਕਈ ਸਾਲ ਬੇਰੋਕ ਚਲਦਾ ਰਿਹਾ। ਪਰ ਇੱਕ ਵਾਰ ਫਿਰ 1965 ਦੇ ਕਰੀਬ ਮੇਲਾ ਮੁੜ ਰੋਕ ਦਿੱਤਾ ਗਿਆ। ਪਰ ਬਾਬਾ ਜੀ ਦੇ ਉੱਧਮ ਅਤੇ ਜਲੰਧਰ ਦੀਆਂ ਸੰਗਤਾਂ ਦੀ ਸ਼ਰਧਾਂ ਨੇ ਮੁੜ ਮੇਲੇ ਨੂੰ ਸਜੀਵਤਾ ਪ੍ਰਦਾਨ ਕੀਤੀ। ਤੇ ਮੇਲਾ ਮੁੜ ਕਰਵਾਇਆ ਜਾਣ ਲੱਗਾ। ਜਿਉਂ-ਜਿਉਂ ਮੇਲੇ ਦਾ ਆਕਾਰ ਵਧਿਆ ਤਾਂ ਜਗਾਹ ਦੀ ਕਮੀ ਨੂੰ ਮਹਿਸੂਸ ਕਰਦਿਆਂ ਬਾਬਾ ਜੀ ਨੇ ਦੋ ਕਨਾਲ ਜਗਾਹ ਮੁੱਲ ਲਈ। ਜਿੱਥੇ ਅੱਜ ਕੱਲ ਨਵਾਂ ਗੁਰਦੁਆਰਾ ਸਾਹਿਬ ਵਿਰਾਜਮਾਨ ਹੈ। ਇੱਥੇ ਬਾਬਾ ਜੀ ਸਲਾਨਾਂ ਲੰਗਰ ਦੀ ਸੇਵਾ ਕਰਵਾਇਆ ਕਰਦੇ ਸਨ। ਪਰ ਬਾਕੀ ਲੋਹ ਦੇ ਨਾਂ ਵਾਲੀ ਅਲਾਟ ਜਮੀਨ ਸਰਕਾਰ ਨੇ ਲੋਹ ਦੇ ਨਾਮ ਤੋਂ ਕਿਸੇ ਕਾਰਨ ਹੋਰਨਾਂ ਲੋਕਾਂ ਨੂੰ ਤਕਮੀਮੀ ਅਲਾਟ ਕਰ ਦਿੱਤੀ।

ਕਰੀਬ 1970-72 ਵਿੱਚ ਬਾਬਾ ਜੀ ਦੇ ਦੇਹ ਤਿਆਗਣ ਤੋਂ ਬਾਅਦ ਇਹ ਮੇਲਾ ਮੌਗੀਵਾਲੇ ਦੀ ਸਾਧ ਸੰਗਤ ਵੱਲੋਂ ਕਰਵਾਇਆ ਜਾਣ ਲੱਗਾ। ਪਰ ਜਲੰਧਰ ਵਿਖੇ ਬਾਬਾ ਜੀ ਦੀ ਯਾਦ ਵਿੱਚ ਹੁਣ ਤੱਕ ਮੇਲਾ ਕਰਵਾਇਆ ਜਾਂਦਾ ਹੈ। 3 ਤੋਂ 5 ਕੱਤਕ ਨੂੰ ਮੋਗੀਵਾਲੇ ਅਤੇ ਇਸੇ ਮਿਤੀ ਨੂੰ ਜਲੰਧਰ ਵੀ ਮੇਲਾ ਕਰਵਾਇਆ ਜਾਂਦਾ ਹੈ।

ਅੱਜ ਵੀ ਹੁੰਮ-ਹੁੰਮਾ ਕੇ ਦੂਰੋਂ-ਦੂਰੋਂ ਸੰਗਤਾਂ ਮੋਗੀਵਾਲੇ ਧੰਨ ਬਾਬਾ ਨਰਾਇਣ ਦਾਸ ਜੀ ਧੰਨ ਬਾਬਾ ਜੈ ਰਾਮ ਦਾਸ ਜੀ ਦੀ ਯਾਦ ਵਿੱਚ ਹੋਣ ਵਾਲੇ ਜੋੜ ਮੇਲੇ ਵਿੱਚ ਪੁੱਜਦੀਆਂ ਹਨ ਤੇ ਆਪਣੀਆਂ ਝੋਲੀਆਂ ਸੁੱਖੀਆਂ ਸੁੱਖਣਾਂ ਨਾਲ ਭਰਦੀਆਂ ਹਨ। ਹਰ ਸਾਲ ਤਕਰੀਬਨ ਕੋਤਰੀ ਤੋਂ ਵਧੀਕ ਅਖੰਡ ਪਾਠ ਦੀ ਸੇਵਾ ਸਾਧ ਸੰਗਤ ਵੱਲੋਂ ਕੀਤੀ ਜਾਂਦੀ ਹੈ। ਤੇ ਸਮੂਹ ਨਗਰ ਵਾਸੀਆਂ ਵੱਲੋਂ ਇਕ ਅਖੰਡ ਪਾਠ ਬਾਬਾ ਜੈ ਰਾਮ ਦਾਸ ਜੀ ਦੀ ਯਾਦ ਵਿੱਚ 3 ਕੱਤਕ ਨੂੰ ਰੱਖਿਆ ਜਾਂਦਾ ਹੈ ਜਿਸ ਦਾ ਭੋਗ 5 ਕੱਤਕ ਮੇਲੇ ਦੀ ਸਮਾਪਤੀ ਵਾਲੇ ਦਿਨ ਪਾਇਆ ਜਾਂਦਾ ਹੈ।

ਮੇਲੇ ਵਿੱਚ ਦੂਰੋਂ-ਦੂਰੋਂ ਪੁੱਜੇ ਢਾਡੀ ਜੱਥੇ, ਕੀਰਤਨੀਏ, ਕਥਾ ਵਾਚਕਾਂ ਅਤੇ ਵਿਚਾਰਕ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦੇ ਹਨ। ਨਗਰ ਵੱਲੋਂ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਜਾਂਦਾ ਹੈ।

ਜੋ ਕਿ ਇਸ ਸਰਜਮੀਂ ਦੀ ਕੌਮੀ ਏਕਤਾ ਤੇ ਇੱਕਜੁੱਟਤਾ ਦੀ ਜਿਉਂਦੀ ਜਾਗਦੀ ਮਿਸਾਲ ਹੈ। ਜਿਸ ਤੇ ਪਰਮਾਤਮਾ ਕਰੇ ਸਾਈਂ ਦੀ ਕਰਮ ਦੀ ਨਜ਼ਰ ਇਸੇ ਤਰ੍ਹਾਂ ਬਰਕਰਾਰ ਰਹੇ। ਵਾਜ਼ਿਬ ਵੀ ਹੈ ਕਿਉਂਕਿ :-


ਉਹਦੇ ਕਰਮ ਤੇ ਜੀਹਨਾਂ ਦੀ ਅੱਖ ਹੋਵੇ,
ਉਹ ਨਾਂ ਹੋਰ ਕਬੂਲਦੇ ਸੈਨਤਾਂ ਨੇ।
ਵਿੱਚ ਗ਼ਫਲਤਾ 'ਗ਼ਾਫ਼ਲ' ਹੋਣ ਨਾਂ ਹੀ।
ਮਨਫ਼ੀ ਨਾ ਹੁੰਦੀਆਂ ਰਹਿਮਤਾਂ ਨੇ॥

ਕੁਰਬਾਨੀਆਂ

ਭਾਰਤ ਰੰਗਲਾ ਦੇਸ਼ ਹੈ, ਕੁੱਲ ਦੁਨੀਆਂ ਜਾਣੇ,
ਇਹਦੇ ਵਿੱਚ ਪਏ ਵੱਸਦੇ, ਸਨ ਰਾਜੇ-ਰਾਣੇ।
ਦੁਨੀਆਂ ਇੱਥੇ ਵੱਸਦੀ ਸੀ ਰੰਗ ਬਿਰੰਗੀ,
ਆ ਕੇ ਛੱਲ ਨਾਲ ਛਾ ਗਿਆ ਇਸ ਤੇ ਫਿਰੰਗੀ।
ਕੀਤਾ ਆਣ ਫਿਰੰਗੀਆਂ ਸਾਡੇ ਨਾਲ ਧੋਖਾ,
ਪਰ ਹੱਥ ਕਟਾਏ ਆਪ ਹੀ, ਅਸੀਂ ਦੇ ਕੇ ਮੌਕਾ।
ਪਹਿਲਾਂ ਹੀ ਨਾਂ ਰੱਖਦੇ ਜੇ ਗਲ ਨਾਲ ਲਾ ਕੇ,
ਸੌ ਵਰ੍ਹੇ ਕਰੇਂਦਾ ਰਾਜ ਨਾ, ਸਾਡੇ ਤੇ ਆਕੇ।
ਹਿੰਦ ਸੀ ਦੁਨੀਆਂ ਜਾਣਦੀ ਸੋਨੇ ਦੀ ਚਿੜੀਆ,
ਬਾਦ ਫਿਰੰਗੀ ਰਾਜ ਦੇ ਸਾਨੂੰ ਕੀ ਮਿਲਿਆ।
ਬੇਰੁਜ਼ਗਾਰੀ, ਲੁੱਟ-ਮਾਰ ਹੈ ਅਤੇ ਗਰੀਬੀ,
ਭਾਰਤ ਪੱਲੇ ਰਹਿ ਗਈ ਬੱਸ ਬਦ ਨਸੀਬੀ।
ਵਿੱਕ ਗਈਆਂ ਜ਼ਮੀਰਾਂ ਸਾਡੀਆਂ ਜੱਦ ਗੋਰਾ ਆਇਆ,
ਮਾਯਾ ਰੂਪੀ ਜਾਲ ਸੀ, ਭਾਰਤ ਤੇ ਪਾਇਆ।
ਫੁੱਟ ਪਾਉ ਤੇ ਰਾਜ ਕਰੋ ਦਾ ਨ੍ਹਾਰਾ ਲਾ ਕੇ,
ਲਾ ਨੁਕਰੇ ਮਜ਼ਲੂਮ ਲਏ, ਬੰਦੂਕ ਦਿਖ਼ਾ ਕੇ।
ਨਾਲ ਸਿਆਸਤ ਆਪਣੀ, ਉਹਨੇ ਜ਼ੁਲਮ ਕਮਾਇਆ,
ਦੋ ਟੋਟੇ ਦਿੱਲ ਵੰਡਿਆ, ਤਾਂ 'ਪਾਕ' ਬਣਾਇਆ।
ਅੰਗ 'ਭੂਟਾਨ' ਤੇ 'ਬਾਂਗਲਾ' ਭਾਰਤ ਦੇ ਸਾਰੇ,
ਹੱਸਦੇ ਗਾਉਂਦੇ ਬਾਗ਼ ਵੀ ਗੋਰਿਆਂ ਉਜਾੜੇ।
ਰਾਮ-ਰਾਮ ਵਿਚ ਦੰਦੀਆਂ ਛੁਰੀ ਬਗਲ ਲੁਕਾਈ,
ਵੈਰ ਜਗਾਇਆ ਰੱਜ ਕੇ, ਵਿੱਚ ਭਾਈ-ਭਾਈ।
ਸੱਜਦਾ ਉਹਨਾਂ ਮਾਵਾਂ ਨੂੰ ਜਿਹਨਾਂ ਸੂਰਮੇ ਜੰਮੇ,
ਸੁਣ ਲਲਕਾਰਾ ਸੂਰਿਆਂ ਦਾ ਗੋਰੇ ਕੰਬੇ।
ਵੀਰ ਭਗਤ ਤੇ ਰਾਜਗੁਰੂ, ਸੁਖ਼ਦੇਵ ਵਿਚਾਰੇ,
ਫਾਂਸੀ ਵੇਲੇ ਲਾਂਵਦੇ, ਜਯ-ਹਿੰਦ ਦੇ ਨ੍ਹਾਰੇ।

ਕਈ ਅਜੇਹਿਆਂ ਸੂਰੇਆਂ ਕੁਰਬਾਨੀ ਦਿੱਤੀ,
ਤਾਂ ਅੰਗ੍ਰੇਜ਼ੀ ਰਾਜ ਦੀ ਰੋਸ਼ਨੀ ਪਈ ਸੀ ਫਿਕੀ।
ਗੋਰਾ ਰਾਜ ਗਵਾਚਿਆਂ ਸੰਤਾਲੀ ਬਾਦੋਂ,
ਭਾਰਤ ਸਾਡਾ ਸੁਧਰਿਆ ਹਲੇ ਤੱਕ ਨਹੀਂ ਸਾਥੋਂ।
ਇੱਕੀਵੀਂ ਸਦੀ ਤੱਕ ਪਹੁੰਚ ਗਏ ਅਸੀਂ ਭਾਰਤਵਾਸੀ,
ਨੂਰ ਵਿਹੁਣੇ ਮੁੱਖੜੇ, ਹਾਲੇ ਵੀ ਉਦਾਸੀ।
ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਮੱਤ ਸਾਡੀ ਮਾਰੇ,
ਦੇਸ਼ ਵਿਕਾਸ ਦਾ ਨ੍ਹਾਰਾ ਲਾਉਂਦੇ ਨੇਤਾ ਸਾਰੇ।
ਕਰਕੇ ਯਾਦ ਸ਼ਹਾਦਤਾਂ ਅਖੀਂ ਪਾਣੀ ਭਰਦੈ,
ਇਹ ਕਾਫ਼ਰ ਸਿਰ ਮੌਲਾ ਦੇ ਕਦਮਾਂ ਵਿਚ ਧਰਦੈ।
ਜਨਮ ਲਿਆ ਤੇਰੀ ਰਹਿਮਤ ਰਾਹੀਂ, ਭਾਗਾਂ ਵਾਲੀ ਥਾਂ ਤੇ,
ਭਾਰਤ ਦੇ ਵਿਚ ਮੈਨੂੰ ਜਣਿਆ, ਮਾਣ ਕਰਾਂ ਉਸ ਮਾਂ ਤੇ।
ਮਾਪੇ ਇਕ ਸ਼ਹੀਦ ਦੇ ਵੱਸਣ ਪਿੰਡ ਸਾਡੇ,
ਵਿਚ ਸ਼ਹੀਦਾਂ ਜਿਸ ਦਾ ਨਾਂ ਵੱਖਰਾ ਜਾਪੇ।
ਅਮਰਜੀਤ ਦੇ ਨਾਂ ਤੋਂ ਲੋਕਾਂ ਜਾਨਣ ਜਿਸਨੂੰ,
ਆਪਣੇ ਨਾਲੋਂ ਦੇਸ਼ ਨਾਲ ਵੱਧ ਪਿਆਰ ਸੀ ਇਸਨੂੰ।
ਭਾਰਤ 'ਚੋਂ ਸੀ ਉੱਠੇਆ ਇਕ ਵਾ ਵਰੋਲਾ,
ਜਾ ਸਰਗੋਧੇ ਪਾਇਆ ਸੀ, ਉਹਨੇ ਰੋਲ-ਘਚੋਲਾ।
ਬਣ ਸੰਧੂ ਜਿਹੇ ਸੂਰਮੇ ਆਓ ਕਰੋ ਨਿਬੇੜੇ,
ਮੁੱਕ ਜਾਵਣ ਤਕਰਾਰ, ਇਹ ਸੱਭੇ ਝਗੜੇ-ਝੇੜੇ।
ਤਾਂ ਹੀ ਦੇਸ਼ ਸੁਵਰਗ ਹੈ ਬਣ ਸਕਦਾ ਸਾਡਾ,
ਦੇਸ਼ ਨੂੰ ਉੱਚਾ ਚੱਕਣਾ, ਇਹ ਕੰਮ ਅਸਾਡਾ।
ਵਿਚ ਹਵਾਵਾਂ ਝੂਲਦਾ ਰਹੇ ਤਿਰੰਗਾ ਮੇਰਾ,
ਸਦਾ ਚਮਕਦਾ ਇਉਂ ਰਹੇ ਭਾਰਤ ਦਾ ਚੇਹਰਾ।
ਰਹਿਣ ਜੰਮਦੀਆਂ ਸੂਰਮੇ, ਭਾਰਤ ਦੀਆਂ ਮਾਵਾਂ,
ਭਾਰਤ ਵੱਸਦਾ ਰਹੇ, 'ਗ਼ਾਫ਼ਲਾ' ਮੰਗ ਦੁਵਾਵਾਂ।
ਇੰਜ ਮੁੱਕਦੀ ਗੱਲ ਮੁਕਾ ਲਈਏ, ਗੱਲ ਕਰੀਏ ਦਿੱਲ ਦੀ,
ਨਹੀਂ ਬਾਝੋਂ ਕੁਰਬਾਨੀਆਂ ਹਕੂਮਤ ਮਿਲਦੀ।

ਅੱਜ ਵੀ ਤੇਰੀ ਹਰ ਪੈੜ ਦੇ ਨਿਸ਼ਾਨ ਸਾਬਤ ਨੇ



ਲੋਕੋ ਗਿਣੇ ਨਾ ਸ਼ਹੀਦ ਇੱਥੇ
ਲੱਖਾਂ ਅਣਖੀਆਂ ਜਾਨਾਂ ਵਾਰੀਆਂ ਨੇ।
ਪੱਲੀ ਵ਼ੇਲ ਅਜ਼ਾਦੀ ਦੀ ਰੱਤ ਦੇ ਕੇ,
ਤਾਹੀਂ ਮਹਿਕੀਆਂ ਇਹ ਫੁਲਵਾਰੀਆਂ ਨੇ।
ਗੁਰੂ, ਭਗਤ, ਸੁਖਦੇਵ ਜਹੇ ਸੂਰ ਵੀਰਾਂ,
ਹੱਸ ਚੁੰਮੀਆਂ ਫਾਂਸੀ ਲਾੜੀਆਂ ਨੇ।
'ਗ਼ਾਫ਼ਲ' ਸਦਕੇ ਉਹਨਾਂ ਜਵਾਨੀਆਂ ਤੋਂ,
ਜਿਹਨਾਂ ਹਿੱਕ ਤੇ ਤੋਪਾਂ ਤਾਰੀਆਂ ਨੇ॥

ਮਹਾਂ ਪੰਜਾਬ ਦਾ ਧੜਕਦਾ ਸੀਨਾ ਜਿਸ ਦੀ ਧਰਤੀ ਨੂੰ ਆਪਣੀ ਕੁੱਖ ਵਿੱਚ ਸੂਰਮੇ ਪਾਲਣ ਦੀ ਜਿਵੇਂ ਬਖਸ਼ੀਸ਼ ਹੀ ਕੁਦਰਤ ਨੇ ਇਨਾਇਤ ਵਜੋਂ ਦਿੱਤੀ ਹੋਵੇ। ਐਸੀ ਹੀ ਧਰਤੀ ਸੀ ਜਿਲਾ ਲਾਇਲਪੁਰ ਜੋ ਕਿ ਅੱਜ ਮਜ਼ਹਬੀ

ਮਸਲਿਆਂ ਦੀ ਓਟ ਲੈ ਕੇ ਆਪਣਾ ਉੱਲੂ ਸਿੱਧਾ ਕਰਨ ਵਾਲੇ ਸਿਆਸਤਦਾਨਾਂ ਦੇ ਸਿੱਟੇ ਵਜੋਂ ਹੋਂਦ ਵਿੱਚ ਆਏ ਹਿੰਦ, ਪਾਕ ਵਿੱਚੋਂ ਪਾਕ ਦੀ ਗੋਦ ਦੀ ਰੰਗਤ ਹੈ। ਲਾਇਲਪੁਰ ਦੀ ਤਹਿਸੀਲ ਜੜ੍ਹਾਂਵਾਲਾ ਦਾ ਇੱਕ ਯਾਦਗ਼ਾਰ ਪਿੰਡ ਸੀ ਚੱਕ 109। ਸਾਬਤ ਚੱਕ ਰਹੀਸ ਜਿਹਾ ਜਾਣਿਆ ਜਾਂਦਾ ਸੀ ਕਿਉਂਕਿ ਜ਼ਿਆਦਾਤਰ ਇਸ ਦੇ ਵਸਨੀਕ ਮੁਲਾਜ਼ਿਮ ਸਨ।

ਸੰਧੂ ਪਰਿਵਾਰ ਦੇ ਸੂਬੇਦਾਰ ਮੇਜਰ ਸ੍ਰ. ਚੰਦ ਸਿੰਘ ਨੂੰ ਸਪੁੱਤਰ ਸ: ਰਵੇਲ ਸਿੰਘ ਤੇ ਦੋ ਧੀਆਂ ਸਪੁੱਤਰੀ ਕਰਤਾਰ ਕੌਰ ਤੇ ਸਪੁੱਤਰੀ ਬੰਤ ਕੌਰ ਦੇ ਰੂਪ ਵਿੱਚ ਔਲਾਦ ਦਾ ਸੁੱਖ ਨਸੀਬ ਹੋਇਆ। ਰਵੇਲ ਸਿੰਘ ਬੜਾ ਬੇਬਾਕ, ਨਿੱਘਾ, ਆਪਣੇ ਰੁਬਾਬ ਦੀ ਪੈਠ ਨੂੰ ਮਾਨਣ ਵਾਲਾ, ਜੋਸ਼ਿਲਾ, ਵਿਲੱਖਣ ਤੇਜ਼ ਚੜ੍ਹਤ ਦਾ ਧਾਰਨੀ ਸੀ। ਜਿਉਂ-ਜਿਉਂ ਰਵੇਲ ਸਿੰਘ ਜਵਾਨ ਹੋਇਆ ਇਸਦਾ ਚਰਚਾ ਲੋਕਾਂ ਦੇ ਦਿਲਾਂ ਵਿਚ ਸਤਿਕਾਰ ਦੇ ਰੂਪ ਵਿੱਚ ਘਰ ਕਰ ਗਿਆ। ਰਵੇਲ ਸਿੰਘ ਬੜਾ ਹੀ ਇਨਸਾਫ਼ ਪਸੰਦ ਵਿਅਕਤੀਤੱਵ ਦਾ ਧਾਰਨੀ ਸੀ। ਗਰੀਬਾਂ ਦੇ ਮਦਦਗ਼ਾਰ ਵਜੋਂ ਨਿਧੜਕ ਹੋ ਕੇ ਤੁਰਦਿਆਂ ਕਦੀ ਵੀ ਇਸ ਦੇ ਮੱਥੇ ਤੇ ਸ਼ਿਕਨ ਵੀ ਨਹੀਂ ਸੀ ਆਉਂਦੀ। ਪੂਰੇ ਇਲਾਕੇ ਵਿੱਚ ਰਵੇਲ ਸਿੰਘ ਇੱਕ ਨੇਕ ਕਿੱਤੇਕਾਰ ਤੇ ਕਰਮਯੋਗੀ ਵਜੋਂ ਮਕਬੂਲ ਸੀ। ਭਰ ਜੁਆਨ ਹੋਇਆ ਤਾਂ ਰਵੇਲ ਸਿੰਘ ਦੀ ਜ਼ਿੰਦਗੀ ਵਿੱਚ ਉਸ ਦੇ ਭਾਰ ਨੂੰ ਵੰਡਾਉਣ ਦਾ ਹਮਸਫ਼ਰ ਵਜੋਂ ਬੀੜਾ ਚੁੱਕਿਆ ਬੀਬੀ ਸੁਖਵੰਤ ਕੌਰ ਨੇ। ਰਵੇਲ ਸਿੰਘ ਨੂੰ ਸਰਕਾਰੀ ਮੁਆਮਲੇ ਦੇ ਇਕੱਠ ਦੀ ਜ਼ਿੰਮੇਵਾਰੀ ਸਰਕਾਰ ਨੇ ਨੰਬਰਦਾਰੀ ਵਜੋਂ ਸੌਂਪ ਰੱਖੀ ਸੀ। ਆਪਣੀ ਇਨਸਾਫ਼ ਪਸੰਦੀ ਕਾਰਨ ਪਰ੍ਹੇ-ਪੰਚੈਂਤਾਂ ਦਾ ਰਵੇਲ ਸਿੰਘ ਨੰਬਰਦਾਰ ਅਨਿੱਖੜਵਾਂ ਅੰਗ ਹੋਇਆ ਕਰਦਾ ਸੀ। ਕਹਿੰਦੇ ਨੇ ਕਿ ਜੇਹੜੀ ਪਰ੍ਹੇ-ਪੰਚੈਤ ਜਾ ਫੈਸਲੇ ਵਿੱਚ ਰਵੇਲ ਸਿੰਘ ਨੰਬਰਦਾਰ ਹੋਇਆ ਕਰਦੇ ਸਨ ਉਥ ਵਿੱਚ ਪੁਲਿਸ ਵੀ ਦਖ਼ਲ ਅੰਦਾਜੀ ਕਰਨ ਤੋਂ ਗੁਰੇਜ਼ ਕਰਦੀ ਸੀ। ਲੋਕਾਂ ਦੇ ਮਾਨ ਸਨਮਾਨ ਤੇ ਖੁਸ਼ੀ ਦੇ ਚਲਦਿਆਂ ਰਵੇਲ ਸਿੰਘ ਨੂੰ ਵਾਰੋ-ਵਾਰੀ ਤਿੰਨ ਪੁੱਤਾਂ ਦੀਆਂ ਦਾਤਾਂ ਨਸੀਬ ਹੋਈਆਂ। ਬਲਦੇਵ ਸਿੰਘ, ਸਬਦੇਵ ਸਿੰਘ ਤੇ ਸ਼ਿਗਾਰ ਸਿੰਘ। ਪਰ ਸ਼ਿਗਾਰ ਸਿੰਘ ਹਾਲੇ ਪੰਜ ਕੁ ਵਰ੍ਹਿਆਂ ਦਾ ਹੀ ਸੀ ਕਿ ਅਕਾਲ ਚਲਾਣਾ ਕਰ ਗਿਆ। ਮਾਤਾ ਸੁਖਵੰਤ ਕੌਰ ਨਾਮਧਾਰੀ ਰਹਿਤ ਮਰਿਆਦਾ ਵਿੱਚ ਬੜੇ ਕੱਟੜ ਸਨ। ਇਸ ਪੁੱਤਰ ਦੇ ਵਿਛੋੜੇਂ ਕਾਰਨ ਮਾਤਾ ਸੁਖਵੰਤ ਕੌਰ ਦੀਆਂ ਆਂਦਰਾਂ ਨੂੰ ਹਿਜ਼ਰ ਦੀ ਭਾਅ ਨੇ ਐਸਾ ਹਲੂਣਾ ਦਿੱਤਾ ਕਿ ਇਸ ਦੌਰਾਨ ਇਹਨਾਂ ਨੇ ਪੱਕੀ ਸੋਧ ਧਾਰਨ ਕਰ ਲਈ ਤੇ ਕੇਵਲ ਬੰਦਗੀ ਵਿੱਚ ਮਸ਼ਗੂਲ ਰਹਿਣ ਲੱਗੇ। ਇਸ ਸਮੇਂ

ਦੇ ਚਲਦੇ ਹੀ ਕਹਿੰਦੇ ਨੇ ਨਾਮਧਾਰੀ ਪੰਥ ਦੇ ਹਜ਼ੂਰ ਵਾਲਿਦ ਗੁਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ ਜੀਵਨ ਕੌਰ ਜੀ ਨੇ ਮੇਲ ਦੌਰਾਨ ਸੁਖਵੰਤ ਕੌਰ ਹੁਰਾਂ ਨੂੰ ਇਕ ਲਪੇਟੀ ਕੰਬਲੀ ਦਿੱਤੀ ਤੇ ਕਿਹਾ ਕਿ ਆਹ ਲੈ ਮੈਂ ਤੈਨੂੰ ਐਸਾ ਪੁੱਤਰ ਦੇ ਰਹੀ ਹਾਂ ਜੋ ਸਾਰੀ ਦੁਨੀਆਂ ਵਿਚ ਆਪਣਾ ਸਿਰਨਾਵਾਂ ਯਾਦਗਿਰੀ ਵਜੋਂ ਛੱਡ ਕੇ ਜਾਏਗਾ। ਜਗਤ ਮਾਤਾ ਜੀਵਨ ਕੌਰ ਜੀ ਦੇ ਬਚਨਾਨੁਸਾਰ ਮੁੜ ਮਾਤਾ ਸੁਖਵੰਤ ਕੌਰ ਦੀ ਕੁੱਖੋਂ ਸੰਧੂ ਪਰਿਵਾਰ ਦੇ ਵੇਹੜੇ ਇੱਕ ਵਾਰ ਫਿਰ ਤੋਂ ਚਿਰਾਗ਼ ਰੁਸ਼ਨਾਇਆ ਤੇ 13-01-1933 ਨੂੰ ਰਵੇਲ ਸਿੰਘ ਦੇ ਘਰ ਇੱਕ ਪੁੱਤਰ ਪੈਦਾ ਹੋਇਆ ਜਿਸ ਦਾ ਸਿਰਨਾਵਾਂ ਰੱਖਿਆ ਗਿਆ ਅਮਰਜੀਤ ਸਿੰਘ। ਅਮਰਜੀਤ ਤੋਂ ਬਾਅਦ ਇਕ ਹੋਰ ਪੁੱਤਰ ਦੀ ਦਾਤ ਸੁਖਦੇਵ ਸਿੰਘ ਵਜੋਂ ਸੀ। ਰਵੇਲ ਸਿੰਘ ਦੀਆਂ ਦੋ ਧੀਆਂ ਸਨ ਇੱਕ ਦਾ ਸਿਰਨਾਵਾਂ ਸੀ ਸੁਰਜੀਤ ਕੌਰ ਤੇ ਦੂਸਰੀ ਰਣਜੀਤ ਕੌਰ।

ਅਮਰਜੀਤ ਸਿਰਨਾਵਾਂ ਸੀ ਆਪਣੇ ਵੈਰੀਆਂ ਤੇ ਜਿੱਤ ਦਾ ਪਰਚਮ ਲੈਹਰਾ ਕੇ ਇਤਿਹਾਸ ਦੇ ਪੰਨਿਆਂ ਤੇ ਸੁਨੈਹਿਰੀ ਅੱਖਰਾਂ ਵਿੱਚ ਆਪਣਾ ਨਾਮਣਾ ਅਮਰ ਕਰ ਜਾਣ ਵਾਲੇ ਸ਼ਹੀਦ ਸਰਤਾਜ ਸੂਰਵੀਰ ਯੋਧੇ ਦਾ।

ਕਹਿੰਦੇ ਨੇ ਵਿਲੱਖਣ ਰੂਹਾਂ ਦੀ ਵਿਲਖਣਤਾ ਬਚਪਨ ਵਿੱਚ ਹੀ ਅੱਖੋਂ ਪਰੋਖ਼ੇ ਨਹੀਂ ਰਹਿੰਦੀ।

ਲਾਡ-ਪਿਆਰ ਦੇ ਹਲੂਣ ਵਿੱਚ ਪਲੇ ਅਮਰਜੀਤ ਨੂੰ ਡਗਮਗਾਉਂਦੇ ਪੈਰੋਂ ਦਰੁਸਤ ਚਾਲੇ ਹੁੰਦਿਆਂ ਜੜ੍ਹਾਂਵਾਲੇ ਦੇ ਦੇਹਾਤੀ ਸਕੂਲ ਵਿੱਚ ਪਾ ਦਿੱਤਾ ਗਿਆ। ਇਹ ਚੌਥੀ ਤੱਕ ਦਾ ਸਕੂਲ ਸੀ। ਅਮਰਜੀਤ ਦਾ ਸੁਭਾ ਹੋਰਨਾਂ ਹਾਣੀ ਬੱਚਿਆਂ ਤੋਂ ਇਨਾਂ ਵੱਖਰਾ ਸੀ ਕਿ ਸਕੂਲ ਦੇ ਟੀਚਰ ਤੀਕ ਵੀ ਉਹਨਾਂ ਦੇ ਪਿਤਾ ਤਾਈਂ ਇਹਨਾਂ ਦੀ ਵਿਲੱਖਣਤਾ ਦੇ ਜਿਕਰ ਤੋਂ ਨਹੀਂ ਝਕਦੇ ਸੀ। ਅਮਰਜੀਤ ਸਕੂਲੋਂ ਆਉਂਦਾ ਤੇ ਸਾਰਿਆਂ ਹਾਣੀਆਂ ਤੋਂ ਅਲੱਗ ਜਾ ਕੇ ਖੇਡਦਾ ਰਹਿੰਦਾ। ਬਚਪਨ ਦੀਆਂ ਖੇਡਾਂ ਵਿੱਚ ਵੀ ਅਮਰਜੀਤ ਦੇ ਖਿਡੌਣਿਆਂ ਵਿੱਚ ਮਿੱਟੀ ਦੇ ਗੋਲੇ ਬਾਰੂਦ ਹੋਇਆ ਕਰਦੇ ਸਨ। ਇਹ ਗੁਲੇਲ ਵਿੱਚ ਇਹਨਾਂ ਮਿੱਟੀ ਦੇ ਗੋਲਿਆਂ ਨੂੰ ਵਰਤਿਆ ਕਰਦਾ ਸੀ। ਚੌਥੀ ਜਮਾਤ ਤੋਂ ਬਾਅਦ ਤਹਿਸੀਲ ਜੜ੍ਹਾਂਵਾਲਾ ਵਿਚ ਆਵਾਗ਼ਤ ਬੰਗਲੇ ਵਿੱਚ ਅੱਠਵੀਂ ਜਮਾਤ ਤੱਕ ਪੜ੍ਹੇ। ਹਾਲੇ ਅਮਰਜੀਤ ਅੱਠਵੀਂ-ਨੌਵੀਂ ਜਮਾਤ ਵਿੱਚ ਹੀ ਸੀ ਕਿ ਹਿੰਦ-ਪਾਕ ਦੀਆਂ ਵੰਡੀਆਂ ਨੇ ਵੱਸਦੇ-ਰੱਸਦੇ ਘਰਾਂ ਦੇ ਮਾਲਕਾਂ ਨੂੰ ਖਾਨਾਬਦੋਸ਼ ਕਰ ਦਿੱਤਾ। ਵੰਡ ਦੇ ਦੌਰਾਨ ਪਰਿਵਾਰਾਂ ਦੇ ਜੀਆਂ ਨੂੰ ਵੱਖੋ-ਵੱਖ ਕਰ ਕੇ ਹਿੰਦੋਸਤਾਨ ਲਿਆਂਦਾ ਗਿਆ। ਜਿਲ੍ਹਾ ਲਾਇਲਪੁਰ ਦੇ ਜਿਸ ਕੈਂਪ ਵਿੱਚ ਅਮਰਜੀਤ ਪੜ੍ਹਦਾ ਸੀ ਉਸ

ਨੂੰ ਘੇਰ ਲਿਆ ਗਿਆ ਤੇ ਉਥੋਂ ਦੇ ਨੌਜਵਾਨ ਮੁੰਡਿਆਂ ਕੋਲੋਂ ਕੈਂਪ ਦੇ ਚਾਰ-ਚੁਫੇਰੇ ਇੱਕ ਡੂੰਘੀ ਨਾਲੀ ਖੁਦਵਾਈ ਗਈ। ਖੁਦਾਈ ਪੂਰੀ ਹੋਣ ਵਾਲੀ ਸੀ ਪਰ ਕੁਝ ਚਿਰ ਪਹਿਲਾਂ ਅਮਰਜੀਤ ਤੇ ਉਸਦਾ ਇੱਕ ਹੋਰ ਦੋਸਤ ਪਾਣੀ ਪੀਣ ਦੇ ਬਹਾਨੇ ਬਾਹਰ ਆਏ ਤਾਂ ਪਿੱਛੋਂ ਗੋਲੀਆਂ ਚੱਲਣ ਦੀ ਆਵਾਜ਼ ਨਾਲ ਮੱਚੀ ਚੀਕ ਚਕਾਰ ਤੋਂ ਇਹਨਾਂ ਨੂੰ ਪਤਾ ਲੱਗਾ ਕਿ ਤਮਾਮ ਨੌਜਵਾਨਾਂ ਨੂੰ ਮਾਰ ਦਿੱਤਾ ਗਿਆ ਹੈ। ਇੱਥੋਂ ਨੱਸ ਕੇ ਅਮਰਜੀਤ ਬਾਅਦ ਵਾਲੀ ਗੱਡੀ ਵਿੱਚ ਭਾਲ ਕੇ ਹੋਰ ਪਰਿਵਾਰ ਦੇ ਕੁਝ ਜੀਆਂ ਨਾਲ ਰਲਿਆ। ਗੱਡੀ ਹਾਲੇ ਸਰਗੋਧੇ ਤੀਕ ਹੀ ਆਈ ਸੀ ਤੇ ਗੱਡੀ ਦਾ ਚਲਾਕ ਬਦਲ ਦਿੱਤਾ ਗਿਆ। ਤੇ ਗੱਡੀ ਸਰਗੋਧੇ ਕਰੀਬ ਦੋ ਦਿਨ ਤੱਕ ਰੁਕੀ ਰਹੀ। ਭੁੱਖੇ ਭਾਣੇ ਅਮਰਜੀਤ ਜਹੇ ਹਜ਼ਾਰਾਂ ਮਾਸੂਮਾਂ ਨੂੰ ਇੱਥੇ ਦੋ ਦਿਨ ਕੱਟਣਾ ਕਿੰਨਾ ਕਾਲਜਾ ਵਿੰਨ੍ਹ ਦੇਣ ਵਾਲਾ ਹੋਵੇਗਾ। ਇਹ ਤਾਂ ਉਹ ਹੀ ਦੱਸ ਸੱਕਦੈ ਜਿਸਨੇ ਇਹ ਤ੍ਰਾਸਦੀ ਹੰਡਾਈ ਤੇ ਅੱਖੀਂ ਵੇਖੀ ਹੋਵੇ। ਮੁਸਲਿਮ ਕੌਮ ਦੇ ਬਸ਼ਿੰਦਿਆਂ ਦਾ ਕਹਿਰ ਆਪਣੇ ਲੋਕਾਂ ਤੇ ਢਹਿੰਦਾ ਇਸ ਨੌਜਵਾਨ ਬੱਚੇ ਅਮਰਜੀਤ ਨੇ ਅੱਖੀਂ ਵੇਖਿਆ। ਜਿਸ ਦੀਆਂ ਅੱਖਾਂ ਸਾਹਮਣੇ ਉਸ ਦੇ ਕੈਂਪ ਦੇ ਨੌਜਵਾਨ ਸਾਥੀਆਂ ਨੂੰ ਗੋਲੀਆਂ ਨਾਲ ਛੱਲੀ ਕਰਦਿਆਂ ਇਹਨਾਂ ਵਹਿਸ਼ੀਆਂ ਨੂੰ ਰਤੀ ਭਰ ਤਰਸ ਸਬਰ ਨਹੀਂ ਆਇਆ। ਜਿਸ ਵੇਲੇ ਸਰਗੋਧੇ ਗੱਡੀ ਦੋ ਦਿਨ ਰੁਕੀ ਰਹੀ ਅਮਰਜੀਤ ਪੂਰੀ ਹੋਸ਼ ਸੰਭਾਲ ਵਿੱਚ ਸੀ। ਜਿਸ ਨੇ ਸਰਗੋਧੇ ਦੋ ਦਿਨ ਦਾ ਸਮਾ ਲੁੱਕ-ਛਿਪ ਕੇ ਕੱਟਿਆ। ਅਮਰਜੀਤ ਦੇ ਦਿਲ ਵਿਚ ਪਾਕ ਤੇ ਮੁਸਲਿਮ ਕੌਮ ਲਈ ਨਫ਼ਰਤ ਦਾ ਬੀਜ ਬੀਜਿਆ ਜਾ ਚੁੱਕਾ ਸੀ। ਲਾਚਾਰ ਬੱਚਾ ਸੀ ਕਰਦਾ ਵੀ ਕੀ? ਹਿੰਦੋਸਤਾਨ ਆ ਕੇ ਜਿਲਾ ਲੁਧਿਆਣਾ ਵਿਖ਼ੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਅਮਰਜੀਤ ਨੇ ਐਫ.ਏ. ਤੱਕ ਦੀ ਪੜ੍ਹਾਈ ਪੂਰੀ ਕੀਤੀ। ਕਾਲਜ ਵਿੱਚ ਅਕਸਰ ਅਮਰਜੀਤ ਪਾਕ ਵਿੱਚ ਕਤਲੇਆਮ ਤੇ ਆਪਣੇ ਦੋਸਤਾਂ ਨਾਲ ਹੋਈ ਵਧੀਕੀ ਨੂੰ ਯਾਦ ਕਰ ਕੇ ਭਾਵੁਕ ਹੋ ਜਾਇਆ ਕਰਦਾ ਸੀ। ਕਹਿੰਦੇ ਨੇ ਕਿ ਜੋਸ਼ ਵਿੱਚ ਅਮਰਜੀਤ ਦੇ ਚੇਹਰੇ ਦੀ ਰੰਗਤ ਬਦਲ ਜਾਂਦੀ ਤੇ ਬਦਲੇ ਦੀ ਅੱਗ ਵਿੱਚ ਭਖ਼ਦਾ ਚੇਹਰਾ ਦੇਖ ਕੇ ਉਸਦੇ ਦੋਸਤਾਂ ਮਿੱਤਰਾਂ ਨੂੰ ਵੀ ਉਸ ਤੋਂ ਖ਼ੌਫ ਆ ਜਾਇਆ ਕਰਦਾ ਸੀ। ਕਈ ਥਾਵਾਂ ਤੇ ਕੱਚੀਆਂ ਅਲਾਟਮੈਂਟਾਂ ਬਾਅਦ ਸੰਧੂ ਪਰਿਵਾਰ ਪੱਕੀ ਅਲਾਟਮੈਂਟ ਵੇਲੇ ਮੋਗੀਵਾਲੇ ਦਾ ਵਸਨੀਕ ਹੋ ਗਿਆ। ਜਿਉਂ-ਜਿਉਂ ਹਾਲਾਤਾਂ ਵਿੱਚ ਤਸਕੀਨ ਪਰਤੀ ਤੇ ਦਿਲਾਂ ਦੇ ਦੱਬੇ-ਕੁੱਚਲੇ ਚਾਅ ਤੇ ਰੀਝਾਂ ਵੀ ਹਲੂਣੇ ਲੈਣ ਲੱਗ ਪਈਆਂ। ਅਮਰਜੀਤ ਦਾ ਇਕ ਸੁਪਨਾ ਸੀ ਕਿ ਉਹ ਇਕ ਪਾਇਲਾਟ ਬਣੇ। ਜਿਸ ਦੇ

ਸਿੱਟੇ ਵਜੋਂ ਅਮਰਜੀਤ ਨੇ ਐਨ.ਡੀ.ਏ. ਦਾ ਇਮਤਿਹਾਨ ਦਿੱਤਾ ਪਰ ਦੇਹਾਤ ਦੀ ਪੜ੍ਹਾਈ ਵਿੱਚ ਉਹ ਸਹੂਲਤਾਂ ਨਹੀਂ ਸਨ ਕਿ ਸ਼ਹਿਰ ਦੀ ਫਾਰਵਰਡ ਤਕਨੀਕੀ ਸਿੱਖਿਆ ਤੋਂ ਅੱਵਲ ਆ ਸਕੇ। ਪਰ ਅਮਰਜੀਤ ਦੇ ਹੌਂਸਲੇ ਤੇ ਉਸਦੇ ਸੁਪਨਿਆਂ ਦੀ ਤਾਂਘ ਉਸ ਨੂੰ ਬੰਨ੍ਹੀ ਰੱਖਣ ਵਿੱਚ ਕਾਮਯਾਬ ਰਹੀ। ਜਿਵੇਂ ਕਿ ਇਸ ਸ਼ੇਅਰ ਨੂੰ ਕਿਆਸ ਨਾਲ ਚਿਤਾਰੀਏ:

'ਗ਼ਾਫ਼ਲ' ਬਰਫ਼ ਕੇ ਪੁਤਲੇ ਨਹੀਂ ਮੇਰੇ ਬੁਲੰਦ ਹੌਂਸਲੇ,
ਕਿ ਸਾਂਸੇਂ ਭੀ ਗਰਮ ਹੋਂਗੀਂ, ਔਰ ਪਿਘਲ ਜਾਏਂਗੇ॥

ਮੁੜ ਦੁਬਾਰਾ ਵਰ੍ਹੇ ਭਰ ਦੀ ਮੇਹਨਤ ਤੋਂ ਬਾਅਦ ਅਮਰਜੀਤ ਨੇ ਇਮਤਿਹਾਨ ਦਿੱਤਾ। ਤੇ ਰਿਜਲਟ ਦੀ ਉਡੀਕ ਵਿੱਚ ਦਿਨ ਵਰ੍ਹਿਆਂ ਜਾਨਿਬ ਗੁਜ਼ਰਨ ਲੱਗੇ। ਇੱਕ ਦਿਨ ਅਮਰਜੀਤ ਦੇ ਦੋਸਤ ਦਾ ਫੋਨ ਆਇਆ ਜਿਸ ਦੇ ਨਾਲ ਹੀ ਅਮਰਜੀਤ ਨੇ ਐਨ.ਡੀ.ਏ. ਦਾ ਟੈਸਟ ਦਿੱਤਾ ਸੀ। ਉਸ ਨੇ ਫੋਨ ਤੇ ਆਪਣੇ ਇੰਟਰਵਿਊ ਦੀ ਚਿੱਠੀ ਬਾਰੇ ਦੱਸਿਆ। ਪਰ ਅਮਰਜੀਤ ਕੋਲ ਹਾਲੇ ਤੀਕ ਕੋਈ ਇਤਲਾਹ ਨਹੀਂ ਸੀ ਪਹੁੰਚੀ। ਅਮਰਜੀਤ ਨੇ ਆਪਣੇ ਪਿਤਾ ਸ: ਰਵੇਲ ਸਿੰਘ ਹੁਰਾਂ ਨਾਲ ਇਸ ਬਾਰੇ ਗੱਲ ਕੀਤੀ। ਪਿੰਡ ਦੇ ਡਾਕੀਏ ਤੋਂ ਪਤਾ ਕਰਨ ਤੇ ਚਿੱਠੀ ਦੇ ਗੁਮ ਹੋ ਜਾਣ ਦੀ ਖ਼ਬਰ ਅਮਰਜੀਤ ਦੀਆਂ ਸੱਧਰਾਂ ਤੇ ਪਹਾੜ ਬਣ ਕੇ ਡਿੱਗੀ। ਪਰ ਰਵੇਲ ਸਿੰਘ ਨੇ ਹਿੰਮਤ ਦੇਂਦਿਆਂ ਅਮਰਜੀਤ ਨੂੰ ਤਿਆਰ ਕੀਤਾ ਤੇ ਮਹਾਰਾਜਾ ਨਿਹਾਲ ਸਿੰਘ ਨੂੰ ਨਾਲ ਲੈ ਕੇ ਦਿੱਲੀ ਪੁੱਜੇ। ਤੇ ਇਕ ਹਿੰਦੂ ਬੱਚੇ ਦਾ ਇੰਟਰਵਿਊ ਲੈਟਰ ਆ ਜਾਣ ਤੇ ਸਿੱਖ ਬੱਚੇ ਦਾ ਇੰਟਰਵਿਊ ਲੈਟਰ ਨਾ ਪਹੁੰਚਣ ਦੇ ਮੁੱਦੇ ਹੇਠ ਅਮਰਜੀਤ ਦਾ ਇਕੱਲੇ ਦਾ ਅਲੱਗ ਤੋਂ ਇੰਟਰਵਿਊ ਦਵਾਇਆ ਗਿਆ। ਸੰਨ 1954 ਵਿੱਚ ਦੂਸਰੀ ਵਾਰੀ ਦਿੱਤੇ ਮਜ਼ਮੂਨ ਦੇ ਸਿੱਟੇ ਵਜੋਂ ਉਸ ਨੂੰ ਸਲੈਕਸ਼ਨ ਤੋਂ ਬਾਅਦ ਆਪਣਾ ਸੁਪਨਾ ਸਾਕਾਰ ਹੁੰਦਾ ਦਿਸਿਆ। ਟ੍ਰੇਨਿੰਗ ਦੌਰਾਨ ਹੀ ਇਹਨਾਂ ਨੂੰ ਪਾਸਿੰਗ ਤੋਂ ਪਹਿਲਾਂ ਕੁੱਝ ਕਾਰਨਾ ਕਰਕੇ ਰਿਜੈਕਟ ਕਰ ਦਿੱਤਾ ਗਿਆ। ਪਰ ਛੇਤੀ ਹੀ ਇਹਨਾਂ ਦੀ ਕਾਬਲੀਅਤ ਸਦਕਾ ਮੁੜ ਇਹਨਾਂ ਨੂੰ ਪਾਸਿੰਗ ਵਿੱਚ ਸ਼ਾਮਲ ਕਰ ਲਿਆ ਗਿਆ। ਟ੍ਰੇਨਿੰਗ ਤੋਂ ਬਾਅਦ ਅਮਰਜੀਤ ਇੱਕ ਫਲਾਇੰਗ ਅਫ਼ਸਰ ਵਜੋਂ ਪਹਿਲੀ ਵਾਰ ਕਲਕੱਤੇ ਬੈਰਕਪੁਰ ਡਿਪਿਊਟ ਕੀਤਾ ਗਿਆ। ਇਸ ਤੋਂ ਕੁਝ ਚਿਰ ਬਾਅਦ ਹੀ ਇਹਨਾਂ ਦਾ ਹਲਵਾਰੇ ਲੁਧਿਆਣੇ ਨਜ਼ਦੀਕ ਤਬਾਦਲਾ ਕਰ ਦਿੱਤਾ ਗਿਆ। ਉੱਚੀ ਲੰਮੀ ਕੱਦ ਕਾਠੀ ਦਾ ਸੋਹਣਾ, ਗ਼ੈਰਤੀ, ਜੋਸ਼ੀਲਾ, ਅਣਖ਼ੀ ਯੋਧਾ ਜਿੱਥੇ ਜਾਂਦਾ ਬਸ ਸੰਧੂ ਸਾਹਬ ਵਜੋਂ ਦਿਲਾਂ ਨੂੰ ਮੋਹ ਲਈਂਦਾ। ਇਸ ਸਾਡੇ ਛੇ ਫੁੱਟ ਲੰਮੇ

ਗਜ ਚੌੜੀ ਛਾਤੀ ਵਾਲੇ ਨੌਜਵਾਨ ਨੇ ਜਦੋਂ ਵਰਦੀ ਪਾਈ ਹੁੰਦੀ ਸੀ ਤਾਂ ਇਸ ਕੋਲੋਂ ਡਰ ਆਉਂਦਾ ਸੀ। ਆਪਣੀ ਅਗਲੀ ਪੋਸਟਿੰਗ ਦੌਰਾਨ ਇਹਨਾਂ ਨੂੰ ਦਿੱਲੀ ਭੇਜ ਦਿੱਤਾ ਗਿਆ। ਇੱਥੇ ਹੀ ਇਕ ਲੜਕੀ ਤੋਂ ਅਮਰਜੀਤ ਕਾਫ਼ੀ ਪ੍ਰਭਾਵਿਤ ਹੋਇਆ। ਇਨਾ ਪ੍ਰਭਾਵਿਤ ਕਿ ਇਸ ਨੂੰ ਅਮਰਜੀਤ ਨੇ ਆਪਣੀ ਜੀਵਨ ਸਾਥੀ ਬਣਾਉਣ ਦਾ ਫੈਸਲਾ ਕਰ ਲਿਆ। ਅਜੇ ਅਮਰਜੀਤ ਆਪਣੇ ਬਾਪੂ ਨਾਲ ਗੱਲ ਕਰਦਾ ਕਿ ਇੰਨੇ ਨੂੰ ਰਵੇਲ ਸਿੰਘ ਹੁਰਾਂ ਨੇ ਅਮਰਜੀਤ ਦਾ ਰਿਸ਼ਤਾ ਭੈਣੀ ਸਾਹਿਬ ਦੇ ਸ: ਹਜਾਰਾ ਸਿੰਘ ਰੰਧਾਵਾ ਦੇ ਵੇਹੜੇ ਦੀ ਰੌਣਕ ਮਾਤਾ ਈਸ਼ਰ ਕੋਰ ਦੀ ਲਾਡਲੀ ਬੀਬੀ ਚਰਨਜੀਤ ਕੌਰ ਨਾਲ ਪੱਕਾ ਕਰ ਦਿੱਤਾ। ਉਸ ਵੇਲੇ ਚਰਨਜੀਤ ਹਾਲੇ ਸੌਲਾਂ ਕੁ ਵਰ੍ਹਿਆਂ ਦੀ ਸੀ। ਘਰ ਪਰਿਵਾਰ ਵਿੱਚ ਲਾਡਲੀ ਹੋਣ ਕਾਰਨ ਇਹਨਾਂ ਦਾ ਸੁਭਾਅ ਥੋੜਾ ਚੰਚਲ ਜਿਹਾ ਸੀ। ਤੇ ਕਦੀ-ਕਦੀ ਗੱਲ ਮਨਵਾਉਣ ਲਈ ਜਿੱਦ ਦਾ ਸਹਾਰਾ ਲੈ ਲਿਆ ਕਰਦੇ ਸਨ। ਇਸ ਜ਼ਬਰਨ ਰਿਸ਼ਤੇ ਤੋਂ ਅਮਰਜੀਤ ਰਾਜ਼ੀ ਨਹੀਂ ਸੀ ਜਿਸ ਕਾਰਨ ਪਿਤਾ ਰਵੇਲ ਸਿੰਘ ਤੋਂ ਕਾਫ਼ੀ ਖਫ਼ਾ ਸੀ। ਸੰਨ 1958 ਨੂੰ ਇਹਨਾਂ ਦਾ ਨਿਕਾਹ ਕਰਵਾ ਦਿੱਤਾ ਗਿਆ। ਆਈਡੇ ਸੁੱਘੜ ਤੇ ਆਫ਼ੀਸਰ ਰੈਂਕ ਵਾਲੇ ਇਨਸਾਨ ਦੇ ਲੜ ਲੱਗ ਕੇ ਚਰਨਜੀਤ ਨੂੰ ਆਪਣੇ ਸੁਭਾਅ ਤੇ ਆਪਣੇ ਰਵੱਈਏ ਵਿੱਚ ਕਾਫ਼ੀ ਕੁਝ ਬਦਲਣਾ ਪਿਆ। ਅਮਰਜੀਤ ਦੇ ਮਿਲਣਸਾਰ ਤੇ ਜ਼ਿੰਦਾ ਦਿਲ ਸੁਭਾਅ ਨੇ ਇਹਨਾਂ ਨੂੰ ਬਦਲਾਵ ਦੀ ਚਿਣਘ ਦਾ ਅਹਿਸਾਸ ਵੀ ਹੋਣ ਨਹੀਂ ਦਿੱਤਾ। ਪਰ ਅਮਰਜੀਤ ਦਾ ਵਧੇਰੇ ਦਿਲੀ ਰੁਝਾਨ ਪਰਿਵਾਰ ਤੋਂ ਵੱਧ ਡਿਊਟੀ ਪ੍ਰਤੀ ਹੋਇਆ ਕਰਦਾ ਸੀ। ਸਮਾਂ ਬੀਤਦਾ ਗਿਆ ਤੇ ਖੁਸ਼ੀਆਂ ਦੀ ਦਸਤਕ ਵਜੋਂ 30 ਅਗਸਤ 1959 ਨੂੰ ਇਹਨਾਂ ਦੇ ਘਰ ਇੱਕ ਬੇਟੀ ਨੇ ਜਨਮ ਲਿਆ। ਜਿਸ ਦਾ ਨਾਂ ਪੰਮੀ ਰੱਖਿਆ ਗਿਆ। ਪਰ ਪੰਮੀ ਦਾ ਸ਼ਾਇਦ ਦੁਨੀਆਂ ਵੇਖਣਾ ਮਾਲਕ ਨੂੰ ਮੰਜੂਰ ਨਹੀਂ ਸੀ। ਸਵਾ ਕੁ ਸਾਲ ਦੀ ਹੀ ਪੰਮੀ ਦੇ ਗੁਜ਼ਰ ਜਾਣ ਬਾਅਦ ਚਰਨਜੀਤ ਨੂੰ ਆਪਣਾ ਇਕੱਲਾਪਨ ਵੱਢ ਖਾਣ ਨੂੰ ਦੌੜਦਾ। ਸਮਾਂ ਆਪਣੀ ਚਾਲ ਚਲਦਾ ਗਿਆ ਤੇ ਅਮਰਜੀਤ ਦੀ ਪੋਸਟਿੰਗ ਪੂਨੇ ਕਰ ਦਿੱਤੀ ਗਈ। 4 ਜਨਵਰੀ 1962 ਨੂੰ ਤਬੀਅਤ ਜ਼ਿਆਦਾ ਖ਼ਰਾਬ ਹੋ ਜਾਣ ਕਾਰਨ ਚਰਨਜੀਤ ਕੌਰ ਨੂੰ ਆਪ ਅਮਰਜੀਤ ਦੇ ਸਰਵਿਸ ਨੰਬਰ ਤੇ ਮਿਲਟਰੀ ਹੌਸਪੀਟਲ ਦਾਖ਼ਿਲ ਹੋਣਾ ਪਿਆ। ਇੱਥੇ ਇਹਨਾਂ ਦੇ ਵੱਡੇ ਬੇਟੇ ਸੁਖਮੀਤ ਦਾ ਜਨਮ ਹੋਇਆ। ਬੇਟੇ ਦੇ ਜਨਮ ਤੋਂ ਬਾਅਦ ਚਰਨਜੀਤ ਨੂੰ ਬਾਪੂ ਰਵੇਲ ਸਿੰਘ ਹੁਰੀਂ ਘਰ ਲੈ ਆਏ। ਕਿਉਂਕਿ ਉਥੇ ਇਹੱਨਾਂ ਦੀ ਦੇਖ਼ਭਾਲ ਕਰਨ ਤੇ ਖ਼ਿਆਲ ਰੱਖਣ ਵਾਲਾ ਕੋਈ

ਨਹੀਂ ਸੀ। ਅਮਰਜੀਤ ਪੰਜ ਮਹੀਨੇ ਬਾਅਦ ਛੁੱਟੀ ਆ ਕੇ ਹੀ ਆਪਣੇ ਬੇਟੇ ਦੀ ਸ਼ਕਲ ਵੇਖ ਸਕਿਆ। ਪਰ ਜ਼ਿਆਦਾ ਲੰਮੀ ਛੁੱਟੀ ਨਾ ਹੋਣ ਕਾਰਨ ਇਹਨਾਂ ਨੂੰ ਵਾਪਸ ਜਾਣਾ ਪਿਆ। ਦੋਬਾਰਾ ਜਨਵਰੀ 1963 ਨੂੰ ਲੰਮੀ ਛੁੱਟੀ ਦੌਰਾਨ ਆਪਣੇ ਪਰਿਵਾਰ ਤੇ ਬੇਟੇ ਦਾ ਹਾਲ-ਚਾਲ ਸਾਂਝਾ ਕੀਤਾ। ਇਸ ਤੋਂ ਅੰਦਾਜ਼ਾ ਜਿਹਾ ਲਾਇਆ ਜਾ ਸਕਦਾ ਸੀ ਕਿ ਅਮਰਜੀਤ ਲਈ ਆਪਣੇ ਪਰਿਵਾਰ ਤੋਂ ਜ਼ਿਆਦਾ ਅਹਿਮੀਅਤ ਆਪਣੇ ਦੇਸ਼ ਲਈ ਡਿਊਟੀ ਨੂੰ ਸੀ। ਇਸ ਸਮੇਂ ਦੌਰਾਨ ਇਹ ਅੰਬਾਲੇ ਪੋਸਟਡ ਸਨ। ਤੇ ਆਪਣੇ ਪਰਿਵਾਰ ਨੂੰ ਵੀ ਅੰਬਾਲੇ ਲੈ ਗਏ। ਅਮਰਜੀਤ ਖ਼ਤਰੇ-ਔਂਕੜਾਂ ਡੋਲਣ ਵਾਲਾ ਇਨਸਾਨ ਨਹੀਂ ਸੀ। ਕਹਿੰਦੇ ਨੇ ਕਿ ਜਦ ਕਦੀ ਵੀ ਡਿਊਟੀ ਦੌਰਾਨ ਕੋਈ ਔਂਕੜ-ਮੁਸੀਬਤ ਖੜੀ ਹੋ ਜਾਂਦੀ ਸੀ ਤਾਂ ਉਸਦੇ ਚੇਹਰੇ ਦੀ ਰੌਣਕ ਤੇ ਰੰਗਤ ਬਦਲ ਜਾਇਆ ਕਰਦੀ ਸੀ। ਸੂਝਵੇਂ ਜੋਸ਼ ਤੇ ਵਿਵੇਕ ਦਾ ਅਮਰਜੀਤ ਨੇ ਕਈ ਵਾਰ ਔਂਕੜਾਂ ਦੌਰਾਨ ਸਬੂਤ ਦਿੱਤਾ। 1964 ਵਿੱਚ ਦੱਸਦੇ ਨੇ ਕਿ ਅਮਰਜੀਤ ਦਾ ਟੈਸਟ ਗ਼ਾਇਡਿੰਗ ਦੌਰਾਨ ਜਹਾਜ਼ ਦਾ ਇੰਜਨ ਬੰਦ ਹੋ ਗਿਆ ਤੇ ਸੇਫ ਲੈਂਡਿੰਗ ਮੁਮਕਿਨ ਨਹੀਂ ਸੀ। ਪਰ ਸੈਟ ਤੇ ਇੰਜਨ ਬੰਦ ਦੀ ਖ਼ਬਰ ਦੇਣ ਬਾਅਦ ਵੀ ਅਮਰਜੀਤ ਨੇ ਲੈਂਡਿੰਗ ਦਾ ਵਿਚਾਰ ਨਹੀਂ ਛੱਡਿਆ। ਤੇ ਸੈਟ ਤੇ ਅੱਡਾ ਖ਼ਾਲੀ ਕਰ ਦੇਣ ਦਾ ਮੈਸੇਜ਼ ਪਾਸ ਕਰ ਕੇ ਲੈਂਡਿੰਗ ਲਈ ਤਿਆਰ ਹੋ ਗਿਆ। ਰਨਵੇ ਤੇ ਥੋੜੇ ਜਹੇ ਨੁਕਸਾਨ ਤੇ ਬਿਨਾ ਕਿਸੇ ਵੱਡੇ ਹਾਦਸੇ ਤੋਂ ਲਗਭਗ ਸੇਫ ਲੈਂਡਿੰਗ ਅਮਰਜੀਤ ਨੇ ਏਅਰਫੋਰਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਕੀਤੀ ਜੋ ਕਿ ਏਅਰਫੋਰਸ ਦੇ ਰੂਲਾਂ ਮੁਤਾਬਕ ਅਨੁਸ਼ਾਸਨ ਹੀਣਤਾ ਸੀ ਪਰ ਜਵਾਬ ਦੇਹੀ ਵੇਲੇ ਅਮਰਜੀਤ ਨੇ ਆਪਣੇ ਬਿਆਨਾ ਵਿੱਚ ਕਿਹਾ ਕਿ ਉਸਨੂੰ ਲਗਦਾ ਸੀ ਕਿ ਜਹਾਜ ਉਸ ਦੇ ਕੰਟਰੋਲ ਵਿੱਚ ਆ ਰਿਹਾ ਹੈ। ਤੇ ਮੈਂ ਇਸ ਨੂੰ ਸੇਫ਼ ਲੈਂਡ ਕਰਵਾ ਸਕਦਾ ਹਾਂ। ਜਿਸ ਕਾਰਨ ਮੈਂ ਇਸ ਨੂੰ ਛੱਡ ਦੇਣ ਦੀ ਬਜਾਏ ਲੈਂਡਿੰਗ ਬਾਰੇ ਸੋਚਿਆ। ਇਸ ਸ਼ਲਾਘਾਯੋਗ ਕਾਰਜ ਦੀ ਥੱਾਪਣਾ ਵਜੋਂ ਇਹਨਾਂ ਨੂੰ ਵਾਯੂ ਸੇਨਾ ਮੈਡਲ ਨਾਲ ਸਨਮਾਨਿਆ ਗਿਆ। ਇਸ ਤੋਂ ਪਹਿਲਾਂ ਵੀ 1958 ਵਿੱਚ ਬਰੇਲੀ ਦੇ ਨਜਦੀਕ ਕਿਸੇ ਤਕਨੀਕੀ ਨੁਕਸ ਦੇ ਚਲਦਿਆਂ ਹੀ ਸੇਫ ਲੈਂਡਿੰਗ ਦੇ ਕਾਰਨਾਮੇ ਨੂੰ ਅੰਜਾਮ ਦੇ ਚੁੱਕੇ ਸਨ। ਅਤੇ ਏਅਰ ਫੋਰਸ ਵੱਲੋਂ ਆਰਗਨਾਇਜ਼ ਕੀਤੇ ਲੋ ਫਲਾਇੰਗ ਕੰਪੀਟੀਸ਼ਨ ਦੌਰਾਨ ਰਡਾਰ ਦੀ ਕਵਰਿੰਗ ਤੋਂ ਬੱਚ ਕੇ ਇਕ ਖਾਈ ਦੇ ਰਸਤੇ ਫਿਕਸ ਟਾਰਗੇਟ ਅਚੀਵ ਕਰਨ ਤੇ ਵੀ ਇਨਾਮੀ ਤਕਮੇ ਆਪਣੇ ਨਾਵੇਂ ਕਰਵਾ ਚੁੱਕੇ ਸਨ। ਜਿਸ ਦੀ ਸ਼ਾਬਾਸ਼ੀ ਵਜੋਂ ਏਅਰ ਫੋਰਸ ਵੱਲੋਂ ਇਹਨਾਂ ਨੂੰ ਸਨਮਾਨਿਆਂ

ਵੀ ਗਿਆ ਸੀ। ਇਸ ਤਰ੍ਹਾਂ ਦੇ ਖ਼ਾਸ ਮੌਕੇ ਆਮ ਹੀ ਅਮਰਜੀਤ ਦੇ ਹੱਥ ਆ ਜਾਇਆ ਕਰਦੇ ਸਨ ਤੇ ਅਮਰਜੀਤ ਨੇ ਸਦਾ ਹੀ ਇਸ ਤਰ੍ਹਾਂ ਦੇ ਮੁਸ਼ਕਿਲ ਮੋਕਿਆ ਵਿੱਚ ਧੀਰਜ ਗਵਾ ਕੇ ਔਕੜ ਤੋਂ ਮੂੰਹ ਫੇਰ ਕੇ ਬੈਠਣ ਦੀ ਬਜਾਇ ਡਟ ਕੇ ਇਹਨਾਂ ਦਾ ਮੁਕਾਬਲਾ ਕਰ ਕੇ ਹਾਲਾਤ ਤੇ ਫਤਿਹ ਦਾ ਪਰਚਮ ਲਹਿਰਾ ਪੰਜਾਬੀਆਂ ਦੇ ਮਾਣ ਤੇ ਗ਼ੈਰਤ ਨੂੰ ਵਧਾਇਆ ਹੈ। ਸਨ 1965 ਵਿੱਚ ਭਾਰਤ-ਪਾਕ ਦੀ ਖ਼ੂਨੀਂ ਜੱਦੋ-ਜ਼ਹਿਤ ਛਿੜੀ ਤੇ ਪੂਰੀ ਅੰਬਾਲਾ ਅਰੇਂਜਮੈਂਟ ਪਠਾਨਕੋਟ ਸ਼ਿਫਟ ਕਰ ਦਿੱਤੀ ਗਈ। ਜਿਸ ਦੋਰਾਨ ਅਮਰਜੀਤ ਨੂੰ ਪਠਾਨਕੋਟ ਜਾਣਾ ਪਿਆ। ਪਰ ਪਰਿਵਾਰ ਅੰਬਾਲੇ ਹੀ ਸੀ, ਇਸ ਜੰਗ ਦੇ ਦੌਰਾਨ ਅੱਠ ਚੌਣਵੇ ਫਲਾਂਇੰਗ ਅਫ਼ਸਰਾਂ ਦੀ ਟੀਮ ਬਣਾਈ ਗਈ। ਇਸ ਮਿਸ਼ਨ ਦੇ ਪਹਿਲੇ ਅਟੈਕ ਨੂੰ ਅੰਜਾਮ ਦੇਣ ਲਈ ਕਿਲਰ ਦੇ ਨਾਲ ਅਮਰਜੀਤ ਦਾ ਨਾਮ ਨੋਮੀਨੇਟ ਕੀਤਾ ਗਿਆ। ਹਮਲੇ ਦੋਰਾਨ ਕਿਲਰ ਅੱਗੇ ਸੀ ਤੇ ਅਮਰਜੀਤ ਇਸ ਨੂੰ ਕਵਰ ਫਾਇਰ ਦੇ ਰਿਹਾ ਸੀ। ਪਰ ਟਾਰਗੇਟ ਅਚੀਵ ਕਰਨ ਤੋਂ ਪਹਿਲਾਂ ਹੀ ਕਿਲਰ ਦੇ ਜਹਾਜ ਦੀ ਗੰਨ ਸੀਜ਼ ਹੋ ਚੁੱਕੀ ਸੀ। ਵਾਇਰਲੈਸ ਸੈਟ ਤੇ ਹੋਈ ਵਾਰਤਾ ਦੌਰਾਨ ਅਮਰਜੀਤ ਨੇ ਕਿਲਰ ਨੂੰ ਕਵਰ ਦੇਣ ਲਈ ਕਿਹਾ। ਤੇ ਆਪ ਅੱਗੇ ਹੋ ਕਿ ਜਹਾਜ ਸ਼ੂਟ ਡਾਊਨ ਕਰਨ ਦੇ ਕਾਰਨਾਮੇ ਨੂੰ ਅੰਜਾਮ ਦਿੱਤਾ। ਪਰ ਇਹਨਾਂ ਦੇ ਵਾਪਸ ਪਰਤਨ ਤੋਂ ਪਹਿਲਾਂ ਤਕਨੀਕੀ ਖ਼ਰਾਬੀ ਦੇ ਚਲਦੇ ਸਹੀ ਜਾਣਕਾਰੀ ਨਾ ਮਿਲਣ ਦੇ ਕਾਰਨ ਜਹਾਜ ਸੂਟ ਡਾਊਨ ਕਰਨ ਦਾ ਸੇਹਰਾ ਕਿਲਰ ਦੇ ਸਿਰ ਸਜਾ ਦਿੱਤਾ ਗਿਆ ਸੀ। ਅਮਰਜੀਤ ਤੇ ਕਿਲਰ ਦੇ ਪਰਤਣ ਤੱਕ ਇਹ ਖ਼ਬਰ ਰੇਡਿਓ ਚੈਨਲਾਂ ਤੇ ਅਨਾਊਂਸ ਹੋ ਚੁੱਕੀ ਸੀ। ਇਸ ਖ਼ਬਰ ਦੀ ਭਨਕ ਜਦੋਂ ਰਵੇਲ ਸਿੰਘ ਹੁਰਾਂ ਨੂੰ ਹੋਈ ਤਾਂ ਉਹ ਪੂਰਨ ਸਿੰਘ ਜੋ ਕਿ ਇੱਕ ਆਈ.ਜੀ.ਪੀ. ਰੈਂਕ ਆਫੀਸਰ ਸੀ ਨੂੰ ਲੈ ਕਿ ਅਮਰਜੀਤ ਕੋਲ ਪੁੱਜੇ ਤੇ ਆਪਣੇ ਪੁੱਤਰ ਦੇ ਕੀਤੇ ਕਾਰਨਾਮੇ ਦੀ ਸ਼ਾਬਾਸ਼ੀ ਕਿਲਰ ਨੂੰ ਮਿਲਣ ਤੇ ਅਮਰਜੀਤ ਕੋਲ ਅਫਸੋਸ ਜ਼ਾਹਰ ਕੀਤਾ। ਪਰ ਅਮਰਜੀਤ ਨੇ ਇਸ ਗੱਲ ਨੂੰ ਏਅਰਫੋਰਸ ਦੀ ਸ਼ਾਨ ਦੇ ਖ਼ਿਲਾਫ਼ ਸਮਝਦੇ ਹੋਏ ਪਿਤਾ ਰਵੇਲ ਸਿੰਘ ਨੂੰ ਇਸ ਗੱਲ ਨੂੰ ਭੁੱਲ ਜਾਣ ਬਾਰੇ ਜੋਰ ਦਿੱਤਾ ਤੇ ਕਿਹਾ ਕਿ ਜੇਕਰ ਮੈਂ ਤੁਹਾਡਾ ਪੁੱਤਰ ਹਾਂ ਤਾਂ ਕਿਲਰ ਵੀ ਤੁਹਾਡਾ ਹੀ ਪੁੱਤਰ ਹੈ। ਇਨਾਮ ਭਾਵੇਂ ਕਿਸੇ ਵੀ ਪੁੱਤਰ ਨੂੰ ਮਿਲੇ ਪਰ ਪਿਤਾ ਲਈ ਇੱਕੋ ਜਿਹਾ ਗਰਵ ਹੋਣਾ ਚਾਹੀਦੈ। ਤੇ ਨਾਲ ਹੀ ਪਿਤਾ ਰਵੇਲ ਸਿੰਘ ਨੂੰ ਵਚਨ ਵੀ ਦਿੱਤਾ ਕਿ ਮੇਰੇ ਬਾਹੂ ਅਜੇ ਜੋਰ ਤੋਂ ਹੀਣੇ ਨਹੀਂ, ਜੇ ਇਹਨਾ ਵਿੱਚ ਜਾਨ ਹੋਈ ਤੇ ਮੈਂ ਤੁਹਾਡੀ ਪੱਗ ਦੀ ਲਾਜ ਰੱਖਾਂਗਾ ਅਤੇ ਵੀਰ ਚੱਕਰ ਲੈ ਕਿ ਹੀ

ਘਰ ਪਰਤਾਂਗਾ। ਇਸ ਤੋਂ ਬਾਅਦ ਅਮਰਜੀਤ ਨੇ ਮੁੜ ਅਟੈਕ ਕੀਤਾ ਤੇ ਇਕ ਹੋਰ ਜਹਾਜ਼ ਸ਼ੂਟ ਡਾਊਨ ਕਰਨ ਤੋਂ ਬਾਅਦ ਆਪਣੀ ਅਣਖ਼-ਗ਼ੈਰਤ ਤੇ ਫੌਲਾਦੀ ਹੌਂਸਲੇ ਦਾ ਸਬੂਤ ਦਿੱਤਾ। ਇਸ ਕਾਰਨਾਮੇ ਨੂੰ ਮੁੜ ਤਮਾਮ ਰੇਡੀਓ ਚੈਨਲਾਂ ਤੇ ਅਨਾਉਂਸ ਕੀਤਾ ਗਿਆ।



ਇਸੇ ਜੰਗ ਦੇ ਇੱਕ ਅਟੈਕ ਦੇ ਦੌਰਾਨ ਅਮਰਜੀਤ ਦਾ ਜਹਾਜ਼ ਘੇਰ ਲਿਆ ਗਿਆ। ਇਸ ਨੂੰ ਜਹਾਜ਼ ਲੈਂਡ ਕਰਨ ਦਾ ਹੁਕਮ ਦਿੱਤਾ ਗਿਆ। ਅਮਰਜੀਤ ਲੈਂਡਿੰਗ ਲਈ ਤਿਆਰ ਹੋ ਗਿਆ। ਹੌਲੀ-ਹੌਲੀ ਲੈਂਡਿੰਗ ਹੁੰਦੀ ਦੌਰਾਨ ਜਦੋਂ ਦੁਸ਼ਮਣਾਂ ਨੂੰ ਇਹ ਯਕੀਨ ਹੋ ਗਿਆ ਕਿ ਹੁਣ ਅਮਰਜੀਤ ਲੈਂਡ ਕਰ ਜਾਏਗਾ ਤਾਂ ਦੁਸ਼ਮਣਾਂ ਨੇ ਆਪਣੀ ਪਕੜ ਨੂੰ ਢਿੱਲ ਦੇ ਦਿੱਤੀ। ਕਿਉਂਕਿ ਉਹਨਾਂ ਨੂੰ ਯਕੀਨ ਹੋ ਚੁੱਕਾ ਸੀ ਕਿ ਹੁਣ ਇਹ ਭੱਜ ਨਹੀਂ ਸਕਦਾ ਪਰ ਅਮਰਜੀਤ ਦੇ ਦਿਲ ਦੀ ਅਮਰਜੀਤ ਹੀ ਜਾਣਦਾ ਸੀ। ਸ਼ਿਕੰਜਾ ਢਿੱਲਾ ਪਿਆ ਤੇ ਅਮਰਜੀਤ ਨੇ ਵੈਰੀਆਂ ਦਾ ਘੇਰਾ ਤੋੜ ਕੇ ਵਾਪਸ ਉਡਾਨ ਭਰ ਲਈ। ਅਮਰਜੀਤ ਜਾਣਦਾ ਸੀ ਕਿ ਦੁਸ਼ਮਣ ਦੇ ਘੇਰਾ ਪਾਉਂਣ ਵਾਲੇ ਤਮਾਮ ਜਹਾਜ਼ ਭਾਰੀ ਨੇ ਅਤੇ ਵਾਪਸ ਟੇਕ ਆਫ਼ ਕਰਨ ਵਿਚ ਕਾਫੀ ਸਮਾਂ ਲੈਂਦੇ ਨੇ। ਜਿਸ ਦਾ ਫਾਇਦਾ ਅਮਰਜੀਤ ਨੇ ਆਪਣੇ ਵਿਵੇਕ ਤੇ ਹੌਂਸਲੇ ਨਾਲ ਬਾਖ਼ੂਬੀ ਲਿਆ। ਇਹ ਕਾਰਨਾਮਾ ਵੀ ਫੌਜ ਦੇ ਅਫ਼ਸਰਾਂ ਵੱਲੋਂ ਭਰਪੂਰ ਸਲਾਹਿਆ ਗਿਆ ਕਿ ਅਈਡੇ ਘੇਰਾਵ 'ਚੋਂ ਸੇਫ਼ ਨਿਕੱਲ ਜਾਣਾ ਕਿਸੇ ਫੌਲਾਦੀ ਹੌਂਸਲੇ ਵਾਲੇ ਬੇਬਾਕ ਸੂਰ ਵੀਰ ਤੋਂ ਬਿਨਾ ਕਿਸੇ

ਹੋਰ ਦਾ ਨਹੀਂ। ਇਸ ਕਾਰਨਾਮੇ ਦੀ ਸ਼ਲਾਘਾ ਵਜੋਂ ਪਾਕਿਸਤਾਨੀ ਹਕੂਮਤ ਵੱਲੋਂ ਵੀ ਅਮਰਜੀਤ ਨੂੰ ਇਕ ਲੱਖ ਰੁਪਏ ਦਾ ਇਨਾਮ ਅਨਾਊਂਸ ਕੀਤਾ ਗਿਆ। ਤੇ ਅਮਰਜੀਤ ਸਿੰਘ ਸੰਧੂ ਨੂੰ ਸ਼ਾਹ ਸੰਧੂ ਦੇ ਖ਼ਿਤਾਬ ਨਾਲ ਨਵਾਜ਼ ਦਿੱਤਾ ਗਿਆ। ਇਸ ਜੰਗ ਦੌਰਾਨ ਅਮਰਜੀਤ ਨੇ ਜ਼ਿਆਦਾਤਰ ਹਮਲੇ ਸਰਗੋਧੇ ਕੀਤੇ। ਇੰਜ ਮਹਿਸੂਸ ਹੁੰਦਾ ਸੀ 1947 ਦੇ ਦੰਗਿਆਂ ਵਿੱਚ ਭਰੀ ਨਫ਼ਰਤ ਦੇ ਬਦਲੇ ਦੀ ਚਿੰਗਾਰੀ ਪਲ ਕੇ ਭਾਂਬੜ ਬਣ ਗਈ ਹੋਵੇ। ਦੱਸਦੇ ਨੇ ਕਿ ਜਦੋਂ 1965 ਦੀ ਜੰਗ ਅਨਾਊਂਸ ਹੋਈ ਤੇ ਅਟੈਕ ਲਈ ਫਲਾਇੰਗ ਆਫ਼ੀਸਰਾਂ ਨੂੰ ਸੱਦੇ ਭੇਜੇ ਗਏ ਉਸ ਵੇਲੇ ਅਮਰਜੀਤ ਡਾਇਨਿੰਗ ਟੇਬਲ ਤੇ ਡਿਨਰ ਵਿੱਚ ਮਸ਼ਗੂਲ ਸਨ। ਪਰ ਜੰਗ ਦੀ ਖ਼ਬਰ ਸੁਣ ਕੇ ਅਮਰਜੀਤ ਨੇ ਟੇਬਲ ਛੱਡ ਦਿੱਤਾ ਤੇ ਜੋਸ਼ ਵਿੱਚ ਇਹਨਾਂ ਦੇ ਚੇਹਰੇ ਦੀ ਲਾਲੀ ਤੇ ਰੰਗਤ ਦੂਣੀ ਹੋ ਗਈ ਤੇ ਕਹਿਣ ਲੱਗੇ ਕਿ ਅੱਜ ਉਹ ਵੇਲਾ ਹੈ ਕਿ ਜਦੋਂ ਮੈਂ ਆਪਣੇ ਸੀਨੇ ਵਿੱਚ ਭਖ਼ਦੀ ਤਪਸ਼ ਨੂੰ ਠਾਰਾਂਗਾ। ਅੱਜ ਵੇਲਾ ਹੈ ਵੈਰੀ ਤੋਂ ਬਦਲਾ ਲੈਣ ਦਾ।

ਇਸ ਗੱਲ ਦੇ ਸਿੱਟੇ ਨੂੰ ਯੂਨਾਇਟਿਡਨੇਸ਼ਨ ਔਰਗਨਾਈਜ਼ੇਸ਼ਨ ਦੇ ਮੁਆਇਨਾ ਕਰਨ ਆਏ ਮੈਂਬਰਾਂ ਨੇ ਵੀ ਕਬੂਲਿਆ ਹੈ ਕਿ ਉਨਾ ਨੁਕਸਾਨ ਸਾਰੇ ਹਿੰਦੋਸਤਾਨ ਦਾ ਨਹੀਂ ਹੋਇਆ ਜਿੰਨਾ ਇਕੱਲੇ ਸਰਗੋਧੇ ਦਾ ਕੀਤਾ ਗਿਆ ਹੈ। ਸਤੰਬਰ ਵਿਚ ਸੀਜ਼ ਫਾਇਰ ਹੋਣ ਬਾਦੋਂ ਅਮਰਜੀਤ ਦੀ ਵੀਰਤਾ ਨੂੰ ਦਿਸੰਬਰ 1965 ਵਿੱਚ ਮਾਣਯੋਗ ਰਾਸ਼ਟਰਪਤੀ ਸ੍ਰੀ ਰਾਧਾ ਕ੍ਰਿਸ਼ਨਨ ਵੱਲੋਂ ਵੀਰ ਚੱਕਰ ਜਹੇ ਸਲਊਟਡ ਸਨਮਾਨ ਵਜੋਂ ਨਵਾਜ਼ਿਆ ਗਿਆ।

ਇਸ ਜੰਗ ਤੋਂ ਬਾਅਦ ਹਿੰਦ ਵੱਲੋਂ ਆਪਣੀ ਤਾਕਤ ਵਧਾਉਣ ਲਈ ਮਿਗ-21 ਦਾ ਆਯਾਤ ਕੀਤਾ ਗਿਆ ਤੇ ਟ੍ਰੇਨਿੰਗ ਲਈ ਅਮਰਜੀਤ ਦਾ ਨਾਂ ਦਿੱਤਾ ਗਿਆ। ਆਪਣੀ ਪੋਸਟਿੰਗ ਬਦਲ ਜਾਣ ਤੇ ਅਮਰਜੀਤ ਪਰਿਵਾਰ ਸਮੇਤ ਹਲਵਾਰੇ ਤੋਂ ਇਲਾਹਾਬਾਦ ਆ ਗਏ। ਡਿਊਟੀ ਵਜੋਂ 1966 ਵਿੱਚ ਅਮਰਜੀਤ ਨੂੰ ਮਿਗ-21 ਦੀ ਟ੍ਰੇਨਿੰਗ ਲਈ ਇੰਗਲੈਂਡ ਭੇਜ ਦਿੱਤਾ ਗਿਆ। ਪਹਿਲਾਂ ਆਪ ਉਥੋਂ ਇਸ ਬਾਰੇ ਮੁਹਾਰਤ ਹਾਸਲ ਕਰ ਕੇ ਆਏ। ਫਿਰ ਸਰਜ਼ਮੀ ਤੇ ਮਿਗ-21 ਦੀ ਟ੍ਰੇਨਿੰਗ ਦੇਣ ਲੱਗੇ। ਇੰਗਲੈਂਡ ਤੋਂ ਪਰਤਦਿਆਂ ਹੀ ਇਹਨਾਂ ਦੀ ਪੋਸਟਿੰਗ ਤੇਜ਼ਪੁਰ (ਆਸਾਮ) ਕਰ ਦਿੱਤੀ ਗਈ। ਜਿਸ ਦੌਰਾਨ ਆਪਣੇ ਲੜਕੇ ਨੂੰ ਇਹਨਾਂ ਨੇ ਸਨਾਵਰ (ਸ਼ਿਮਲਾ) ਹੋਸਟਲ ਵਿੱਚ ਦਾਖ਼ਿਲ ਕਰਵਾ ਦਿੱਤਾ। ਕੁਝ ਚਿਰ ਬਾਅਦ ਤੇਜ਼ਪੁਰ ਤੋਂ ਇਹਨਾਂ ਦੀ ਪੋਸਟਿੰਗ ਮੁੜ ਅੰਬਾਲੇ ਕਰ ਦਿੱਤੀ ਗਈ। ਇਸੇ ਸਮੇਂ 4 ਜਨਵਰੀ 1971 ਨੂੰ ਇਹਨਾਂ ਦੇ ਦੂਸਰੇ ਬੇਟੇ


ਅਜਯਪਾਲ ਦਾ ਜਨਮ ਮਿਲਟਰੀ ਹਸਪਤਾਲ ਅੰਬਾਲਾ ਕੈਂਟ ਵਿੱਚ ਹੋਇਆ ਤੇ ਇਹਨਾਂ ਦੀ ਪੋਸਟਿੰਗ ਵੀ ਪਠਾਨਕੋਟ ਕਰ ਦਿੱਤੀ ਗਈ ਤੇ ਇਹਨਾਂ ਨੂੰ ਵਿੰਗ ਕਮਾਂਡਰ ਦੇ ਅਹੁੱਦੇ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਇਸ ਦੀ ਪਾਰਟੀ ਦੇ ਦੌਰਾਨ ਕਲੱਬ ਚੋਂ ਫਲਾਈਟ ਲੈਫਟੀਨੈਂਟ ਹਰਬੰਸ ਸਿੰਘ ਆਪਣੀ ਪਤਨੀ ਨਾਲ ਅਮਰਜੀਤ ਦੇ ਘਰ ਤੱਕ ਆਏ। ਅਮਰਜੀਤ ਖੁਸ਼ ਮਿਜ਼ਾਜ਼ੀ ਵਿੱਚ ਸਹਜ਼ ਸੁਭਾਅ ਕਈ ਵਾਰ ਬੜਾ ਪੇਚੀਦਾ ਮਜ਼ਾਕ ਕਰ ਦਿਆ ਕਰਦੇ ਸਨ। ਹਾਸੇ-ਭਾਣੇ ਉਸ ਦਿਨ ਵੀ ਅਮਰਜੀਤ ਨੇ ਫਲਾਈਟ ਲੈਫਟੀਨੈਂਟ ਦੀ ਪਤਨੀ ਰਾਜ ਨੂੰ ਕਿਹਾ ਕਿ ਹੁਣ ਤਾਂ ਚਰਨ ਕੋਲ ਦੋ ਬੇਟੇ ਨੇ ਖ਼ੁਦਾ ਨਾ ਖ਼ਾਸਤਾ ਮੈਨੂੰ ਕੁਝ ਹੋ ਜਾਵੇ ਚਲੋ ਮੇਰੀ ਥੋੜ ਤਾਂ ਮਹਿਸੂਸ ਨਹੀਂ ਹੋਵੇਗੀ। ਪਰ ਰਾਜ ਨੇ ਵੀ ਉਹਨਾਂ ਦੇ ਜਵਾਬੀ ਮਜ਼ਾਕੀਆ ਲਹਿਜੇ ਵਿੱਚ ਹੀ ਕਿਹਾ ਕਿ ਤੁਹਾਡੀ ਥਾਂ ਸਿਰਫ਼ ਤੁਸੀਂ ਹੋ ਚਰਨ ਲਈ ਹੋਰ ਕੋਈ ਨਹੀਂ। ਪਰ ਕਿਸੇ ਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਸੀ ਕਿ ਬੜੀ ਕੜਵੀ ਸੱਚਾਈ ਸ਼ਾਹ ਸੰਧੂ ਆਪਣੀ ਜ਼ੁਬਾਨੀ ਹਾਸੇ ਭਾਣੇ ਕਹਿ ਗਿਆ ਹੈ। ਉਸ ਦਿਨ ਦੋਸਤਾਂ ਦੇ ਜਾਣ ਬਾਅਦ ਅਮਰਜੀਤ ਨੇ ਸੌਣ ਲੱਗਿਆਂ ਸਵੀਟ ਡਿਸ਼ ਵਜੋਂ ਇੱਕ ਬਰਫ਼ੀ ਦਾ ਟੁਕੜਾ ਤਾਂ ਲਿਆ ਪਰ ਥੋੜਾ ਜਿਹਾ ਚੱਖ ਕੇ ਛੱਡ ਦਿੱਤਾ। ਅਮਰਜੀਤ ਨੂੰ ਇੰਜ ਮਹਿਸੂਸ ਹੋਇਆ ਕਿ ਜਿਵੇਂ ਉਸ ਦਾ ਦਿਲ ਜਿਹਾ ਖਲੋ ਰਿਹਾ ਹੋਵੇ ਤੇ ਘਬਰਾਹਟ ਤੇ ਬੇਚੈਨੀ ਕਾਰਨ ਆਵਾਜ਼ਾਰੀ ਦਾ ਜਿਕਰ ਵੀ ਉਸ ਨੇ ਆਪਣੀ ਪਤਨੀ ਚਰਨਜੀਤ ਕੋਲ ਕੀਤਾ।

ਸੰਨ 1971 ਵਿੱਚ ਹੀ ਮੁੜ ਖ਼ੂਨ ਦੀ ਹੌਲੀ ਖੇਡੀ ਗਈ। ਭਾਰਤ ਪਾਕ ਦੀ ਜੰਗ ਫਿਰ ਛਿੜ ਗਈ। ਇਤਿਹਾਸ ਦੇ ਉਹ ਕਾਲੇ ਪੰਨਿਆਂ ਦੀਆਂ ਪੀੜਾਂ ਨੂੰ ਦੋਹਰਾਇਆ ਗਿਆ। ਇਸ ਸਮੇਂ ਦਾ ਉਜਾੜਿਆਂ ਦਾ ਹੜ੍ਹ ਆਪਣੇ ਨਾਲ ਕਾਫ਼ੀ ਕੁਝ ਐਸਾ ਰੋੜ੍ਹ ਕੇ ਲੈ ਗਿਆ ਜਿਸ ਦੀ ਥੋੜ੍ਹ ਸ਼ਾਇਦ ਕਦੀ ਵੀ ਪੂਰੀਂ ਨਹੀਂ ਜਾ ਸਕਦੀ। ਸ਼ਾਇਦ ਰਹਿੰਦੇ ਸਾਹਾਂ ਤੀਕ ਉਸ ਦਾ ਖਾਲੀਪਨ ਮਹਿਸੂਸ ਹੁੰਦਾ ਰਹੇਗਾ। ਬਲੈਕ ਆਊਟ ਦੌਰਾਨ ਸ਼ਾਹ ਸੰਧੂ ਨੂੰ ਉਡਾਨ ਭਰਨ ਦੀ ਮਨਾਹੀ ਸੀ। ਪਰ ਇਕ ਦਿਨ ਸ਼ਾਮੀ ਸੱਤ ਕੁ ਵਜੇ ਰੋਟੀ ਪਰੋਸੀ ਛੱਡ ਕੇ ਅਮਰਜੀਤ ਫਲਾਇੰਗ ਲਈ ਚਲਾ ਗਿਆ। ਰਨਵੇ ਤੇ ਆਪਣੇ ਗਰੁੱਪ ਕੈਪਟਨ ਜਾਨੀ ਗ੍ਰੀਨ ਨਾਲ ਬਹਿਸ ਦੇ ਬਾਵਜੂਦ ਵੀ ਸ਼ਾਹ ਸੰਧੂ ਬਲੈਕ ਆਊਟ ਚੈਕਿੰਗ ਤੇ ਨਿਕਲ ਗਿਆ।

ਸੈੱਟ ਅਪਰੇਟਰਾਂ ਦੇ ਕਹਿਣ ਮੁਤਾਬਿਕ ਪਲੇਨ ਵਿੱਚ ਅਮਰਜੀਤ ਨੇ ਥੋੜ੍ਹਾ ਜਿਹਾ ਆਪਣੀ ਤਬੀਅਤ ਦੇ ਖ਼ਰਾਬ ਹੋਣ ਦਾ ਜ਼ਿਕਰ ਕੀਤਾ ਪਰ ਫਿਰ

ਅਚਾਨਕ ਆਈ ਟੈਕਨੀਕਲ ਰੁਕਾਵਟ ਕਾਰਨ ਉਹਨਾਂ ਦੀ ਬਹੁਤੀ ਗੱਲਬਾਤ ਸੁਣੀ ਨਹੀਂ ਜਾ ਸਕੀ। ਇਹ 24 ਸਤੰਬਰ 1971 ਦੀ ਉਡਾਨ ਸ਼ਾਹ ਸੰਧੂ ਅਮਰਜੀਤ ਸਿੰਘ ਦੀ ਆਖ਼ਰੀ ਉਡਾਨ ਸੀ। ਜੋ ਪਠਾਨਕੋਟੋਂ ਭਰੀ ਗਈ ਤੇ ਮੁਕੇਰੀਆਂ ਇਹ ਜਹਾਜ਼ ਕ੍ਰੈਸ਼ ਹੋ ਗਿਆ। ਅਜੇ ਹਿੰਦੋਸਤਾਨ ਸਰਕਾਰ ਇਹਨਾਂ ਦੀ ਤਲਾਸ਼-ਭਾਲ ਵਿਚ ਮਸ਼ਗੂਲ ਸੀ ਪਰ ਪਾਕਿਸਤਾਨ ਰੇਡੀਓ ਤੇ ਸ਼ਾਹ ਸੰਧੂ ਦੇ ਪਲੇਨ ਕ੍ਰੈਸ਼ ਵਿੱਚ ਸ਼ਹੀਦ ਹੋ ਜਾਣ ਦੀ ਖ਼ਬਰ ਅਨਾਊਂਸ ਕਰ ਦਿੱਤੀ ਗਈ। ਅਮਰਜੀਤ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਦੇਸ਼ ਵਾਸੀਆਂ ਲਈ ਅੱਤ ਪੀੜਾਦਾਇਕ ਸੀ।

ਇਹ ਖ਼ਬਰ ਸੁਣ ਕੇ ਤਮਾਮ ਚਾਹੁਣ ਵਾਲਿਆਂ ਨੂੰ ਅਮਰਜੀਤ ਵਿਸਰ ਕੇ ਜਾਂਦਾ ਇਉਂ ਜਾਪਿਆ ਜਿਵੇਂ ਹਰ ਜੀਦੀਂ ਦੇਹ ਚੋਂ ਕਿਸੇ ਨੇ ਸਾਹਾਂ ਦੀ ਤੰਦ ਧੂਹ ਕੇ ਬਾਹਰ ਕੱਢ ਲਈ ਹੋਵੇ। ਸਾਰੇ ਹਿੰਦੋਸਤਾਨ ਵਿੱਚ ਮਾਤਮ ਛਾ ਗਿਆ।



ਸ਼ਾਨ-ਏ-ਹਿੰਦ, ਸ਼ਹੀਦ ਸਰਤਾਜ਼ ਸ਼ਾਹ ਸੰਧੂ ਸਰੀਰਕ ਰੂਪ ਵਜੋਂ ਮਾਤ ਲੋਕ ਤੋਂ ਕਿਨਾਰਾ ਕਰ ਚੁੱਕਾ ਸੀ। ਇਸ ਹਾਦਸੇ ਤੋਂ ਅਮਰਜੀਤ ਦੀ ਧਰਮ ਪਤਨੀ ਚਰਨਜੀਤ ਕੌਰ ਨੂੰ ਹਿਜ਼ਰ ਦੀ ਭੱਠੀ ਦੀ ਜੋ ਤਪਸ਼ ਸਹਿਣੀ ਪਈ ਉਹ ਉਸ ਤੋਂ ਸਿਵਾ ਕੋਈ ਦੂਸਰਾ ਨਹੀਂ ਬਿਆਨ ਸਕਦਾ! 13 ਸਾਲ ਦੇ ਸਾਥ ਦੌਰਾਨ ਸ਼ਾਹ ਸੰਧੂ ਦੇ ਜ਼ਹਿਨ ਵਿੱਚ ਪਰਿਵਾਰ ਮੋਹ ਤੋਂ ਦੇਸ਼ ਪਿਆਰ ਦਾ ਰੰਗ ਜ਼ਿਆਦਾ ਗੂੜ੍ਹਾ ਰਿਹਾ। ਦੇਸ਼ ਭਗਤੀ ਦੇ ਜਨੂਨ ਵਿੱਚ ਅਮਰਜੀਤ ਘਰ ਪਰਿਵਾਰ ਦੀਆਂ ਯਾਦਾਂ. ਚਿੰਤਾਵਾਂ ਨੂੰ ਭੁੱਲ ਜਾਇਆ ਕਰਦਾ ਸੀ। ਪਰ ਫੇਰ ਵੀ ਚਰਨਜੀਤ ਨੂੰ ਅਮਰਜੀਤ

ਤੋਂ ਕੋਈ ਰੰਜ ਜਾਂ ਗਿਲਾ ਨਹੀਂ ਸੀ। ਕਿਉਂਕਿ ਉਹ ਅਮਰਜੀਤ ਨੂੰ ਬੜੀ ਨੇੜਿਉਂ ਪੜ੍ਹ ਚੁੱਕੇ ਸਨ। ਤੇ ਉਹਨਾਂ ਨੂੰ ਐਸੇ ਮਨੁੱਖ ਦੀ ਪਤਨੀ ਹੋਣ ਤੇ ਮਾਣ ਸੀ ਜੋ ਕਿ ਆਪਣੇ ਆਪ ਤੋਂ ਵੱਧ ਦੇਸ਼ ਨੂੰ ਅਹਿਮੀਅਤ ਦੇਂਦਾ ਹੈ। ਐਸੇ ਸੂਰਵੀਰ ਰੋਜ਼-ਰੋਜ਼ ਧਰਤੀ ਤੇ ਜਾਣਿਆ ਨਹੀਂ ਕਰਦੇ, ਬੜੀਆਂ ਮੁੱਦਤਾਂ ਦਾ ਤਪ ਐਸੇ ਕੋਹਿਨੂਰ ਇਨਾਇਤ ਵਜੋਂ ਨਵਾਜ਼ਦਾ ਹੈ। ਕਿਸੇ ਸ਼ਾਇਰ ਨੇ ਖ਼ੂਬ ਲਿਖਿਆ ਹੈ:

ਹਜ਼ਾਰੋਂ ਸਾਲ ਨਰਗਿਸ, ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ!!

ਇਹ ਅਮਰਜੀਤ ਸਿੰਘ ਸੰਧੂ ਉਹ ਦੀਦਾਵਰ ਸੀ ਜਿਸ ਨੇ ਪੂਰੇ ਹਿੰਦ ਦੇ ਵੇਹੜੇ ਨੂੰ ਮਹਿਕਾਇਆ। ਆਉ, ਮਾਂ ਸਰਜਮੀ ਦੀ ਰਾਖੀ ਲਈ ਆਪਾ ਵਾਰ ਜਾਣ ਵਾਲੇ ਸ਼ਾਨ-ਏ-ਹਿੰਦ ਨੂੰ ਸਿਰ ਨਵਾ ਕਿ ਸੱਜਦਾ ਕਰਿਏ ਤੇ ਸੰਕਲਪ ਲਈਏ ਕਿ ਇਹਨਾਂ ਵਤਨ ਤੇ ਹੱਸ-ਹੱਸ ਕੁਰਬਾਨ ਹੋ ਜਾਣ ਵਾਲਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਾਂਗੇ ਅਤੇ ਇਹਨਾਂ ਦੀਆਂ ਕੁਰਬਾਨੀਆਂ ਦੀਆਂ ਪੈੜਾਂ ਦੇ ਨਿਸ਼ਾਨ ਮਿਟਣ ਨਹੀਂ ਦਿਆਂਗੇ। ਇਹ ਸਦਾ ਸਾਡੀਆਂ ਯਾਦਾਂ ਵਿੱਚ ਕਾਇਮ ਰਹਿਣਗੇ:-

ਮੰਜਲਾਂ ਸਰ ਕੀਤੀਆਂ ਮੁਕਾਮ ਸਾਬਤ ਨੇ,
ਪੱਲ ਸੀ, ਜੋ ਤੇਰੇ ਖ਼ਾਸ, ਬਹੁਤੇ ਆਮ ਸਾਬਤ ਨੇ॥
ਜਣਦੇ ਸ਼ਹੀਦਾ ਰੋਜ਼ ਨਹੀਂ ਸੂਰੇ ਤੇਰੇ ਵਰਗੇ,
ਜੋਂ ਵਤਨ ਤੇ, ਹੋ ਗਏ, ਕੁਰਬਾਨ ਸਾਬਤ ਨੇ॥
'ਗ਼ਾਫ਼ਲ' ਦੇ ਵਰਗੇ ਹੋਰ ਵੀ ਤੈਥੋਂ ਮੁਤਾਸਿਰ ਹਾਂ,
ਦਿਲ਼ ਦੀ ਕਿਤਾਬ ਚੋਂ, ਫ਼ੁਰੇ ਅਰਮਾਨ ਸਾਬਤ ਨੇ॥
ਸ਼ਾਹ ਸੰਧੂਆ ਦਿੱਤੇ ਤੇਰੇ ਪੈਗ਼ਾਮ ਸਾਬਤ ਨੇ,
ਅੱਜ ਵੀ ਤੇਰੀ ਹਰ ਪੈੜ ਦੇ, ਨਿਸ਼ਾਨ ਸਾਬਤ ਨੇ॥

ਸ਼ੇਰ ਪੰਜਾਬ ਦਾ



ਨਾਂ ਮਹਿਕਾਂ ਗੁੱਝੀਆਂ ਰਹਿੰਦੀਆਂ,
ਨਾਂ ਹੀਰੇ ਚਮਕਣ ਬਾਦ।
ਨਾਂ ਗੁੱਝੀਆਂ 'ਗ਼ਾਫ਼ਲ' ਲੱਗੀਆਂ,
ਨਾਂ 'ਲੁੱਕ-ਲੁੱਕ' ਰਹਿਣ ਚਿਰਾਗ਼।

ਤੁਸੀਂ ਵੇਖਿਆ ਹੋਵੇਗਾ ਕਿ ਅਕਸਰ ਮਸ਼ਹੂਰ-ਮਕਬੂਲ, ਕੁਝ ਕਰ ਗੁਜ਼ਰੇ ਸ਼ਖਸ਼ਾਂ ਦੇ ਸਿਰਨਾਵੇਂ ਤੋਂ ਉਹਨਾਂ ਦਾ ਤਖ਼ਲੱਸ ਜਾਂ ਉਪਨਾਮ-ਆਵਾਮ ਦੇ ਜ਼ਹਿਨ ਵਿੱਚ ਜ਼ਿਆਦਾ ਰਚਿਆ ਹੁੰਦੈ। ਆਪਣੇ ਜਾਂ ਆਪਣੀ ਪਹਿਚਾਣ ਨੂੰ ਵਿਲੱਖਣਤਾ ਦੇਣ ਦੇ ਸੁਪਨੇ ਦੀ ਪੂਰਤੀ ਲਈ ਬੜਾ ਸੌਖਾ ਹੈ ਆਪਣੇ ਸਿਰਨਾਵੇਂ ਤੋਂ ਇਲਾਵਾ ਆਪਣੇ ਆਪ ਨਾਲ ਇੱਕ ਤਖ਼ਲਸ ਜਾਂ ਉਪਨਾਮ ਜੋੜ ਲੈਣਾਂ। ਪਰ ਬੜਾ ਮੁਸ਼ਕਲ ਹੈ ਬੜੀ ਮੁਸ਼ੱਕਤ ਲੱਗਦੀ ਹੈ ਕਿ ਆਵਾਮ ਤੁਹਾਨੂੰ ਕਿਸੇ ਤਖ਼ਲਸ ਨਾਲ ਨਵਾਜ਼ੇ। ਜਿਸ ਕਾਰ-ਵਿਹਾਰ ਵਿੱਚ ਤੁਸੀਂ ਜੀ ਤੋੜ ਮੇਹਨਤ ਕਰ ਕੇ ਆਵਾਮ ਦੇ ਦਿਲ ਨੂੰ ਛੋਂਹਦੇ ਹੋ ਉਸੇ ਤਰ੍ਹਾਂ ਦੀ ਛਾਪ ਤੁਸੀਂ ਉਹਨਾ ਦੇ

ਦਿਲਾਂ ਵਿੱਚ ਛੱਡ ਜਾਂਦੇ ਹੋ। ਤੁਹਾਡੇ ਸਮਾਜਿਕ ਵਤੀਰੇ, ਤੁਹਾਡੇ ਸੁਭਾਅ, ਆਦਤਾਂ, ਵਸਬ ਉੱਤੇ ਅਧਾਰਿਤ ਖਲਕਤ ਦੇ ਨਜ਼ਰੀਏ ਵੱਲੋਂ ਤੁਹਾਨੂੰ ਉਸੇ ਤਰ੍ਹਾਂ ਦੇ ਉਪਨਾਮ, ਅੱਲ, ਤਖਲਸ ਜਾਂ ਉਪਨਾਮ ਵਜੋਂ ਨਵਾਜ਼ ਦਿੱਤਾ ਜਾਂਦਾ ਹੈ। ਇਹੋ ਜਹੀਆਂ ਲੀਹਾਂ ਦਾ ਧਾਰਨੀ ਕੁਝ ਕਰ ਗੁਜ਼ਰਨ ਦਾ ਹੌਸਲਾ ਰੱਖਣ ਵਾਲਾ ਦੁਨੀਆਂ ਵਿੱਚ ਆਪਣੀ ਅਲੱਗ ਹੋਂਦ ਨੂੰ ਸਾਬਤ ਕਰਨ ਦੇ ਸ਼ੌਂਕ ਤੋਂ ਮੁਤਾਸਿਰ ਸ਼ਖ਼ਸ ਹੈ ਸ: ਜੋਗਿੰਦਰ ਸਿੰਘ ਬਾਜਵਾ। ਜਿਸ ਨੇ ਪੇਂਡੂ ਖੇਡ-ਮੇਲਿਆਂ, ਛਿੰਜਾ, ਪਾੜਿਆਂ-ਖਾੜਿਆਂ 'ਚ ਆਪਣੀ ਹਿੱਕ ਦੇ ਜ਼ੋਰ ਸਦਕਾ ਉੱਘਾ ਨਮਾਣਾ ਖੱਟਿਆ ਅਤੇ ਮੁਤਾਸਿਰ ਆਵਾਮ ਨੇ ਵੀ ਇਸ ਪੇਂਡੂ ਖੇਡਾਂ ਦੇ ਚਮਕਦੇ ਸਿਤਾਰੇ ਲਈ ਭਰਵੇਂ ਹੁੰਗਾਰੇ ਨੂੰ ਢੁਕਵੇਂ ਤਖ਼ਲਸ ਵਜੋਂ ਜ਼ਾਹਿਰ ਕੀਤਾ। ਤੇ ਖੇਡ ਮੇਲਿਆਂ ਦਾ ਸ਼ਿੰਗਾਰ ਸ: ਜੋਗਿੰਦਰ ਸਿੰਘ ਬਾਜਵਾ ਹੋ ਗਿਆ ਸ: ਜੋਗਿੰਦਰ ਸਿੰਘ ਟਾਇਗ਼ਰ। ਆਉ ਇਸ ਪੰਜਾਬ ਦੇ ਸ਼ੇਰ ਤੋਂ ਮੁਖ਼ਾਤਿਬ ਹੋਈਏ ਜੋਗਿੰਦਰ ਸਿੰਘ ਦੇ ਜਨਮ ਤੇ ਜ਼ਿੰਦਗੀ ਦੇ ਫਲਸਫੇ ਦੀ ਛੋਟੀ ਜੀ ਹੰਡੀ ਦਾਸਤਾਂ ਸਦਕਾ।

ਜਦੋਂ ਹੱਦਾਂ-ਸਰਹੱਦਾਂ ਦੀਆਂ ਬੇੜੀਆਂ ਤੋਂ ਲੋਕ ਮੁਨਕਰ ਸਨ। ਵੱਟ-ਵਟਾਂਦਰੇ, ਤੇਰ-ਮੇਰ ਦੀ ਹੂਕ ਪਿਆਰ-ਮੁਹੱਬਤ ਦੇ ਗੀਤਾਂ ਦੀ ਤਾਨ ਦੇ ਸ਼ੁਮਾਰ-ਏ-ਸ਼ੋਰ ਵਿੱਚ ਗ਼ੁਮ-ਗੁਆਚ ਜਾਂਦੀ ਸੀ। ਇਸੇ ਸਮੇਂ ਦੌਰਾਨ ਪੈੜਾਂ ਪਿੰਡ ਜੋ ਕਿ ਜ਼ਿਲਾ ਲਾਇਲਪੁਰ ਵਿੱਚ ਸੀ। ਸਾਰੇ ਦਾ ਸਾਰਾ ਪਿੰਡ ਜੱਟ-ਜਿਮੀਂਦਾਰਾਂ ਦਾ ਸੀ। ਜਿਸ ਵਿੱਚ ਕੁੱਝ ਮੁਸਲਮਾਨ ਵੀ ਵਸੇਂਦੇ ਸਨ। ਉਸ ਵੇਲੇ ਦੇ ਸਿਆਣਿਆਂ ਦੇ ਹਵਾਲੇ ਵਜੋਂ ਲਗਭਗ ਸਾਰੇ ਪਿੰਡਾਂ ਦਾ ਇੱਕੋ ਜਿਹਾ ਮੂੰਹ ਮੁਹਾਂਦਰਾ ਸੀ। ਪਿੰਡ ਦੇ ਵਿਚਾਲੇ ਖੂਹ ਦੇ ਪਿੰਡ ਵਿੱਚੋਂ ਚਾਰੇ ਪਾਸੇ ਗਲੀਆਂ ਨਿੱਕਲਦੀਆਂ ਸਨ। ਹਰ ਇਨਸਾਨ ਆਪਣੇ ਕੰਮ ਧੰਦਿਆਂ ਵਿੱਚ ਮਸ਼ਗੂਲ ਰਹਿਣ ਦਾ ਸ਼ੌਕੀਨ ਤੇ ਹੱਡ ਭੰਨਵੀਂ ਮੇਹਨਤ ਤੋਂ ਮੁਤਾਸਿਰ ਸੀ।

ਸ: ਜੋਗਿੰਦਰ ਸਿੰਘ ਬਾਜਵਾ ਵੀ ਫੁੱਲ ਸੀ ਪਾਕਿਸਤਾਨ ਦੇ ਜ਼ਿਲਾ ਲਾਇਲਪੁਰ ਦੇ ਪਿੰਡ ਪੈੜਾਂ ਦਾ ਜੋ ਮਾਤਾ ਸੁਖਵੰਤ ਕੌਰ ਦੀ ਮਮਤਾ ਦੀ ਛਾਂ ਹੇਠ ਖਿੜਿਆ ਤੇ ਪਿਤਾ ਸ: ਨਰਾਇਣ ਸਿੰਘ ਬਾਜਵਾ ਦੀ ਗੋਦ ਦਾ ਸ਼ਿੰਗਾਰ ਬਣਿਆ। ਸੰਨ 1940 ਨੂੰ ਜੋਗਿੰਦਰ ਵੀ ਆਮ ਬੱਚੇ ਵਾਂਗ ਦੁਨੀਆਂ ਵਿਚ ਸ਼ੁਮਾਰ ਹੋਇਆ। ਮਾਤਾ ਸੁਖਵੰਤ ਕੌਰ ਭਗਤ ਸੁਭਾ ਵਾਲੇ ਅੱਤ ਸਹਿਨਸ਼ੀਲ ਵਿਅਕਤੀਤਵ ਦੇ ਧਾਰਨੀ ਸਨ। ਪਰ ਪਿਤਾ ਸ: ਨਰਾਇਣ ਸਿੰਘ ਜੀ ਸੁਭਾ ਤੋਂ ਗਰਮ ਮਿਜ਼ਾਜ ਸਨ। ਥੋੜਾ ਗੁਸੈਲ ਸੁਭਾ ਹੋਣ ਕਾਰਨ ਕਦੀ-ਕਦੀ ਮੰਦੀ ਦੇ ਨਾਲ-ਨਾਲ ਚੰਗੀ ਮੰਗ ਵੀ ਨਾਮੰਜ਼ੂਰ ਕਰ ਦਿਆ ਕਰਦੇ ਸਨ। ਇਹਨਾਂ ਦਾ

ਖ਼ਿਆਲ ਸੀ ਖੇਡਾਂ ਖੇਡਣੀਆਂ ਮਟਰ-ਗਸਤੀ ਤੇ ਲਫੰਗਿਆਂ ਵਾਂਗੂ ਗਲੀਆਂ ਕੱਛਣੀਆਂ ਚੰਗੇ ਘਰਾਂ ਦੇ ਖ਼ਾਨਦਾਨੀ ਮੁੰਡਿਆਂ ਦਾ ਕੰਮ-ਕਿੱਤਾ ਨਹੀਂ। ਇਹ ਨਹੀਂ ਸਨ ਚਾਹੁੰਦੇ ਕਿ ਜੋਗਿੰਦਰ ਵੀ ਹੋਰਨਾਂ ਹਾਣੀਆਂ ਵਾਂਗੂ ਖੇਡਾਂ ਮਸਤੀਆਂ ਵਿੱਚ ਪੜ੍ਹਨ-ਲਿਖਣ ਦਾ ਸਮਾ ਲਵੇ ਤੇ ਭਵਿੱਖ ਦਾ ਧਰੂ ਤਾਰਾ ਕਾਲਾ ਪੱਥਰ ਬਣ ਜਾਵੇ। ਉਹ ਆਪਣੇ ਲਾਡਲੇ ਨੂੰ ਲੋਫਰਾਂ-ਵਾਂਗ ਖੇਡਦਾ ਟੱਪਦਾ ਨਹੀਂ ਰਹਿਣ ਦੇਣਾ ਚਾਹੁੰਦੇ ਸਨ। ਦਾਦੀ ਸੰਤ ਕੌਰ ਦੀ ਲਾਡ ਦੀ ਛਾਂ ਹੇਠ ਜੋਗਿੰਦਰ ਨੇ ਬਚਪਨ ਦੇ ਅੱਲੜ ਦਿਹਾੜੇ ਹੰਡਾਏ ਕਿਉਂਕਿ ਦਾਦਾ ਜੀ ਤਾਂ ਇਹਨਾਂ ਦੀ ਸੰਭਾਲ ਤੋਂ ਪਹਿਲਾਂ ਹੀ ਕੱਤੇ ਦੀ ਬੀਮਾਰੀ ਕਾਰਨ ਅਕਾਲ ਚਲਾਣਾ ਕਰ ਗਏ ਸਨ। ਦਾਦੀ ਜੀ ਵੀ ਬੜੇ ਧੀਰਜ ਤੇ ਸਹਿਨਸ਼ੀਲ ਸੁਭਾ ਦੇ ਧਾਰਨੀ ਸਨ। ਜਦ ਕਦੀ ਵੀ ਪਿਤਾ ਦੀ ਡਾਂਟ-ਫਟਕਾਰ ਪੈਂਦੀ ਤਾਂ ਦਾਦੀ ਦੀ ਗੋਦ ਦੇ ਮਮਤਾ ਮਈ ਨਿੱਘ ਨੂੰ ਢਾਲ ਮੰਨ ਕੇ ਜੋਗਿੰਦਰ ਲੁੱਕ ਜਾਇਆ ਕਰਦਾ। ਤੇ ਦਾਦੀ ਵੱਲੋਂ ਵੀ ਆਪਣੇ ਪੁੱਤ ਨੂੰ ਨਾ ਝਿੜਕਣ ਦੀ ਹਿਮਾਇਤ ਕੀਤੀ ਜਾਂਦੀ। ਬਚਪਨ ਦੇ ਸੱਤ ਕੁ ਵਰ੍ਹੇ ਮਾਣੇ ਤਾਂ ਵੰਡੀਆਂ ਦਾ ਕਹਿਰ ਪਰਿਵਾਰਾਂ ਦੇ ਖ਼ਾਨਾਬਦੋਸ਼ ਹੋਣ ਦਾ ਕਾਰਨ ਬਣਿਆ। ਜੋਗਿੰਦਰ ਦੇ ਪਰਿਵਾਰ ਨੂੰ ਵੀ ਪਾਕਿਸਤਾਨ ਛੱਡ ਕੇ ਹਿੰਦ ਦੀ ਸਰਜ਼ਮੀ ਤੇ ਸ਼ਰਨ ਲੈਣੀ ਪਈ। ਕੱਚੀਆਂ ਅਲਾਟਮੈਂਟਾਂ ਵੇਲੇ ਮੋਗੀਵਾਲੇ ਵਿੱਚ ਵਸੇਬੇ ਦੌਰਾਨ ਜੋਗਿੰਦਰ ਨੇ ਆਪਣੀ ਜ਼ਿੰਦਗੀ ਪਰਿਵਾਰ ਦੇ ਸਹਾਰੇ ਨਵੇਂ ਸਿਰੇ ਤੋਂ ਸਹੇੜੀ। ਵਿਰਲੇ ਕਿਸੇ ਥਾਂ ਤੇ ਸਕੂਲ ਹੋਇਆ ਕਰਦਾ ਸੀ। ਜਿੱਥੇ ਸ: ਨਰਾਇਣ ਸਿੰਘ ਨੇ ਜੋਗਿੰਦਰ ਨੂੰ ਪਹਿਲੀ ਜ਼ਮਾਤ ਵਿੱਚ ਦਾਖ਼ਿਲ ਕਰਵਾ ਦਿੱਤਾ। ਤਿੰਨ ਕੁ ਜਮਾਤਾਂ ਬਾਦੀਂ ਮੋਗੀਵਾਲੇ ਵਿੱਚ ਸਕੂਲ ਖੁੱਲ ਜਾਣ ਕਾਰਨ ਚੌਥੀ ਜਮਾਤ ਵਿੱਚ ਪਿੰਡ ਦੇ ਸਕੂਲ ਵਿਚ ਦਾਖ਼ਲ ਹੋਣਾ ਜੋਗਿੰਦਰ ਦੀ ਮਜਬੂਰੀ ਬਣ ਗਈ। ਪੰਜਵੀਂ ਤੋਂ ਬਾਅਦ ਜੋਗਿੰਦਰ ਨੂੰ ਉਚੇਰੀ ਸਿੱਖਿਆ ਲਈ ਸ਼ਹਿਰ ਸਿਰਸਾ ਦਾਖ਼ਲਾ ਲੈਣਾ ਪਿਆ। ਇੰਨੇ ਕੁ ਵਰ੍ਹਿਆਂ ਤੱਕ ਦਾ ਸਮਾਂ ਬਾਤਸਕੀਨ ਬੀਤਿਆ। ਹਾਲਾਤ ਵੀ ਸੁਧਰ ਗਏ। ਹਾਲਾਤ ਟਿਕੇ ਤਾਂ ਦਿਲੀਂ ਡੂੰਘੇ ਖ਼ੁੱਬੇ ਖੇਡਣ ਦੇ ਚਾਅ ਦੇ ਬੀਜ ਵੀ ਪੁੰਗਰਨੇ ਆਰੰਭ ਹੋਏ। ਗੱਲ ਕਿਆਸ ਵਾਲੀ ਹੈ:-

ਗੁੱਝੇ ਸ਼ੌਕ ਨਹੀਂ ਰਹਿੰਦੇ 'ਗ਼ਾਫ਼ਲਾ' ਉਏ,
ਲੱਖ ਦੱਬੀਏ ਫੁੱਟ ਵਖ਼ਾਂਵਦੇ ਈ!!

ਸੱਤਵੀਂ ਅੱਠਵੀਂ ਜਮਾਤ ਤੋਂ ਜੋਗਿੰਦਰ ਨੇ ਕਬੱਡੀ ਖੇਡਣ ਦੀ ਸ਼ੌਕੀਆ ਸ਼ੁਰੂਆਤ ਕੀਤੀ। ਸ਼ੌਕ ਕਦੋਂ ਜਨੂਨ ਦੇ ਫ਼ੱਲ ਪਰਵਾਨ ਚੜ੍ਹਿਆ ਜੋਗਿੰਦਰ ਨੂੰ

ਖ਼ੁਦ ਵੀ ਪਤਾ ਨਹੀਂ ਲੱਗਿਆ। ਹੌਲੀ-ਹੌਲੀ ਦਸਵੀਂ ਜਮਾਤ ਤੱਕ ਪੁੱਜਦਿਆਂ। ਸਕੂਲ ਦੀ ਟੀਮ ਵਿੱਚ ਜੋਗਿੰਦਰ ਅਨਿੱਖੜਵਾਂ ਖਿਡਾਰੀ ਬਣ ਕੇ ਹੋਂਦ ਵਿੱਚ ਆਇਆ। 1958 ਵਿੱਚ ਮੈਟ੍ਰਿਕ ਪਾਸ ਕਰਕੇ ਕਾਲਜ ਵਿੱਚ ਦਾਖ਼ਲਾਂ ਜੋਗਿੰਦਰ ਦੀ ਨਵੇਕਲੀ ਜ਼ਿੰਦਗੀ ਦਾ ਇੱਕ ਪਹਿਲੂ ਸੀ। ਖੇਡ ਜੋਗਿੰਦਰ ਦਾ ਸ਼ੌਂਕ ਤੇ ਜਨੂਨ ਦੋਨੋ ਸਨ। ਜਿਸ ਦੀ ਬਦੌਲਤ ਦਿਨ-ਬ-ਦਿਨ ਜੀਅ ਤੋੜਵੀਂ ਮੇਹਨਤ ਨੇ ਜੋਗਿੰਦਰ ਨੂੰ ਉਹ ਨਾਆਬ ਹੀਰਾ ਬਣਾ ਦਿੱਤਾ ਕਿ ਜੋਹਰੀ ਨੂੰ ਕੋਹਿਨੂਰ ਨੂੰ ਪਰਖਾਂ ਚੋਂ ਤਾਰਨ ਦੀ ਜਰੂਰਤ ਮਹਿਸੂਸ ਨਹੀਂ ਸੀ ਜਾਪਦੀ। ਗੌਰਮਿੰਟ ਕਾਲਜ ਦੀ ਟੀਮ ਵਿਚ ਜਾਂਦਿਆਂ ਕੈਪਟਨ ਵਜੋਂ ਚੋਣ ਇਸ ਗੱਲ ਦੀ ਚੀਕੀਵੀਂ ਗਵਾਹੀ ਭਰਦੀ ਹੈ। ਜੋਗਿੰਦਰ ਦੀ ਕੈਪਟਨਸ਼ਿਪ ਵਿਚ ਹੀ ਟੀਮ ਨੇ ਕੱਬਡੀ ਦੇ ਜੋਨ, ਇਨਟਰਜੋਨ, ਵਿੱਚ ਸ਼ਲਾਘਾਯੋਗ ਮੱਲਾਂ ਮਾਰੀਆਂ। ਰੋਹਤਕ ਜੋਨ ਵਿੱਚ ਫ਼ਸਟ ਅਵਾਰਡ ਹਾਸਲ ਕਰਨ ਬਾਅਦ ਹੌਂਸਲਾ ਪਰਿੰਦਾ ਹੋ ਗਿਆ। ਕਾਲਜ ਦੇ ਸਮੇਂ ਦੌਰਾਨ ਜੋਗਿੰਦਰ ਨੌਜਵਾਨ ਦਿਲਾਂ ਦੀ ਧੜਕਣ ਬਣ ਗਿਆ। ਖੇਡਾਂ ਦਾ ਸ਼ੌਕੀਨ ਹਰ ਉਭਰਦਾ ਨੌਜ਼ਵਾਨ ਜੋਗਿੰਦਰ ਸਿੰਘ ਬਣਨਾ ਲੋਚਦਾ। ਪੰਜਾਬ, ਹਰਿਆਣੇ ਵਿੱਚ ਹੋਣ ਵਾਲੇ ਪੇਂਡੂ-ਖੇਡ ਮੇਲਿਆਂ ਵਿੱਚ ਜੋਗਿੰਦਰ ਦਾ ਸ਼ੁਮਾਰ ਹੀ ਆਪਣੇ ਆਪ ਵਿੱਚ ਚਰਚਾ ਸੀ। ਐਸੇ ਹੀ ਕਿਸੇ ਮੇਲੇ ਵਿੱਚ ਦੱਸਦੇ ਨੇ ਕਿ ਜੋਗਿੰਦਰ ਸਿੰਘ ਦੀ ਧੌਲ ਤੋਂ ਨਾਮੀ ਖਿਡਾਰੀ ਨੂੰ ਬੇਹੋਸ਼ ਹੋ ਕੇ ਡਿੱਗਦੇ ਨੂੰ ਤੱਕ ਕੇ ਕੋਮੈਂਟੇਟਰਾਂ ਨੇ ਜੋਗਿੰਦਰ ਦੀ ਧੌਲ ਨੂੰ ਟਾਇਗਰ ਦੇ ਵਾਂਗ ਪੰਜਾਂ ਮਾਰਨ ਦੀ ਤਸ਼ਵੀ ਦੇ ਖ਼ਿਤਾਬ ਨਾਲ ਨਵਾਜ਼ਿਆ। ਮੰਜ਼ਿਲਾ ਸਰ ਕਰਨ ਦਾ ਪੈਂਡਾਂ ਪੜਾਅ ਦਰ ਪੜਾਅ ਜਾਰੀ ਸੀ ਪਰ ਜੋਗਿੰਦਰ ਪਰਿਵਾਰਕ ਮਜ਼ਬੂਰੀਆਂ ਦੀਆਂ ਬੇੜੀਆਂ ਦੇ ਠਹਿਰਾਵ ਤੋਂ ਵੀ ਮੁਨਕਰ ਨਹੀਂ ਹੋ ਸਕਿਆ। ਉਸ ਸਮੇਂ ਖੇਡਾਂ ਨੂੰ ਪਹਿਲ ਦਾ ਦਰਜਾ ਨਾ ਦਿੱਤਾ ਜਾਣ ਕਾਰਨ ਘਰੇਲੂ ਲੋੜਾਂ ਦੀ ਪੂਰਤੀ ਲਈ ਮੁਸ਼ੱਕਤ ਕਰਨੀ ਲਾਜ਼ਮ ਸੀ। ਖੇਡਣ ਦੇ ਨਾਲ-ਨਾਲ ਇਸ ਲਈ ਜੋਗਿੰਦਰ ਨੂੰ ਖੇਤੀਬਾੜੀ ਵਿੱਚ ਵੀ ਹੱਥ ਵੰਡਾਉਣਾ ਪਿਆ। ਸਰਸੇ ਜਿਲੇ ਵਿੱਚ ਹੋ ਰਹੇ ਇੱਕ ਕਬੱਡੀ ਦੇ ਮੈਚ ਵਿੱਚ ਇੱਥੋਂ ਦੇ ਕੋਮੈਂਟਟੇਟਰ ਨੇ ਜੋਗਿੰਦਰ ਦੀ ਖੇਡ ਤੋਂ ਮੁਤਾਸਿਰ ਹੋ ਕੇ ਇਸ ਸ਼ੇਰ ਦੇ ਪੰਜੇ ਜਿਹੀ ਧੌਲ ਦੇ ਮਾਲਕ ਪੰਜਾਬ ਦੇ ਸ਼ੇਰ ਦੇ ਸਿਰਨਾਵੇ ਨਾਲ ਇਕ ਤਖ਼ਲਸ ਜੋੜ ਦਿੱਤਾ, 'ਟਾਇਗ਼ਰ' – ਬੱਸ ਉਸ ਦਿਨ ਤੋਂ ਸ: ਜੋਗਿੰਦਰ ਸਿੰਘ 'ਬਾਜਵਾ' ਹੋ ਗਿਆ ਸ: ਜੋਗਿੰਦਰ ਸਿੰਘ ਟਾਇਗ਼ਰ। ਜ਼ਿੰਦਗੀ ਦੀ ਦੌੜ ਵਿੱਚ ਕੱਲਿਆਂ ਤੁਰਦੇ ਜੋਗਿੰਦਰ ਦੇ ਪੈਰੀਂ ਜਿੰਮੇਵਾਰੀ ਦੀਆਂ ਬੇੜੀਆਂ ਪਾ ਦਿੱਤੀਆਂ ਗਈਆਂ। 1965 ਵਿੱਚ ਇਹਨਾਂ ਦਾ ਵਿਆਹ ਸੰਘੇ ਪਿੰਡ ਦੇ ਗੁਰਦਿਆਲ

ਸਿੰਘ ਦੀ ਸਪੁੱਤਰੀ ਬੀਬੀ ਅਮਰਜੀਤ ਕੌਰ ਨਾਲ ਹੋ ਗਿਆ। ਬੀਬੀ ਅਮਰਜੀਤ ਕੌਰ ਹੁਰੀਂ ਬੜੇ ਵਿਲੱਖਣ ਸੁਭਾ ਤੇ ਪ੍ਰਵਿਰਤੀ ਦੇ ਧਾਰਨੀ ਸਨ। ਉਹਨਾਂ ਨੇ ਜੋਗਿੰਦਰ ਨੂੰ ਕਦੀ ਵੀ ਖ਼ੇਡਣੋਂ ਅਤੇ ਬਾਹਰ-ਅੰਦਰ ਜਾਣੋਂ ਨਹੀਂ ਸੀ ਟੋਕਿਆ। ਜੀਹਨਾਂ ਦੇ ਸਹਿਯੋਗ ਨੂੰ ਆਪ ਜੋਗਿੰਦਰ ਵੀ ਕਬੂਲਦਾ ਹੈ। ਉਹਨਾਂ ਮੁਤਾਬਿਕ ਆਪਣੀ ਪਤਨੀ ਦੇ ਪੁਰਜ਼ੋਰ ਸਹਿਯੋਗ ਸਦਕਾ ਹੀ ਉਹ ਵਿਆਹ ਬਾਅਦ ਵੀ ਬੜੀ ਹਿੰਮਤ ਤੇ ਲਗਨ ਨਾਲ ਕਾਫ਼ੀ ਸਮਾਂ ਖੇਡੇ।



ਜੋਗਿੰਦਰ ਦੀ ਝੋਲੀ ਵਿੱਚ ਪਹਿਲਾਂ ਪਰਮਾਤਮਾਂ ਨੇ ਚਾਰ ਧੀਆਂ ਦੀ ਦਾਤ ਪਾਈ। ਕਵਲਜੀਤ ਕੌਰ 1966, ਰੰਜਵੰਤ ਕੌਰ 1968, ਹਰਪਿੰਦਰ ਕੌਰ 1970 ਅਤੇ ਵੀਰਪਾਲ ਕੌਰ 1972 ਤੇ ਪੰਜਵੀਂ ਪੁੱਤਰ ਦੀ ਦਾਤ ਗੁਰਮੰਗਤ ਸਿੰਘ 1989 ਵਿੱਚ ਜੋਗਿੰਦਰ ਦੀ ਝੋਲੀ ਵਿੱਚ ਪਈ। ਧੀਆਂ ਧਿਆਣੀਆਂ ਦੀ ਅੱਜ ਦੇ ਸਮਾਜ ਵਿੱਚ ਜਿੰਮੇਵਾਰੀ ਵੀ ਬੜੀ ਮੁਸ਼ੱਕਤ ਵਾਲੀ ਹੋਣ ਕਾਰਨ

ਜੋਗਿੰਦਰ ਨੂੰ ਆਪਣੇ ਖੇਡ ਦੇ ਚਾਵਾਂ ਦੀ ਬਲੀ ਦੇਣੀ ਪਈ। ਤੇ ਜੋਗਿੰਦਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਵਿੱਚ ਸ਼ਿਦਤ ਤੋਂ ਰੁੱਝ ਗਿਆ। ਜੋਗਿੰਦਰ ਦਾ ਸੁਪਨਾ ਸੀ ਕਿ ਪੇਂਡੂ ਖੇਡ ਮੇਲਿਆਂ ਦੀ ਸ਼ਾਨ ਪੇਂਡੂ ਖੇਡ ਕਬੱਡੀ ਨੂੰ ਬੁਲੰਦੀਆਂ ਤੇ ਸ਼ੋਹਰਤਾਂ ਦਵਾਉਣ ਵਿੱਚ ਹੋਰ ਉੱਘੀ ਭੂਮਿਕਾ ਅਦਾ ਕਰੇ। ਪਰ ਫਲਸਫ਼ਾ-ਏ-ਜ਼ਿੰਦਗੀ ਵਿੱਚ ਦੌਰ-ਏ-ਇਮਤਿਹਾਨ ਦੇ ਚਲਦੇ ਕਈ ਵਾਰ ਇਨਸਾਨ ਦਾ ਆਪਣੇ ਹੀ ਫੈਸਲੇ ਤੋਂ ਮੁਨਕਰ ਹੋਣਾ ਉਸ ਦੀ ਮਜ਼ਬੂਰੀ ਹੋ ਨਿਬੜਦੀ ਹੈ। ਪਰ ਗੁਰਮੰਗਤ ਦੇ ਜਨਮ ਤੋਂ ਬਾਅਦ ਜੋਗਿੰਦਰ ਨੇ ਇੱਕ ਹੋਰ ਸੁਪਨਾ ਸੰਜੋਇਆ ਕਿ ਉਸ ਦਾ ਪੁੱਤਰ ਸ਼ਾਇਦ ਇਸ ਦੇ ਅਧੂਰੇ ਸੁਪਨੇ ਨੂੰ ਪੂਰ ਚੜ੍ਹਾਏਗਾ। ਪਰ ਜ਼ਿੰਦਗੀ ਦੀਆਂ ਪੈੜਾ ਵਿੱਚ ਹਮਸਫ਼ਰ ਵਜੋਂ ਨਾਲ ਤੁਰਨ ਵਾਲੀ ਅਮਰਜੀਤ ਅਧੂਰੇ ਰਸਤੇ ਕੰਨੀ ਛੁਡਾ ਗਈ? ਪਰਿਵਾਰ ਦੀਆਂ ਮਜ਼ਬੂਰੀਆਂ ਤੇ ਮਾਤਾ ਦੇ ਦੇਹਾਂਤ ਕਾਰਨ ਗੁਰਮੰਗਤ ਨੂੰ ਵੀ ਸਮੇਂ ਦੀ ਮੰਗ ਪੂਰਦੇ ਵੇਹਲ ਹੀ ਨਹੀਂ ਮਿਲੀ। ਚਾਵਾਂ ਸ਼ੌਕਾਂ ਨੂੰ ਨੇਪਰੇ ਚੜ੍ਹਾਉਣ ਦੀ। ਪਰ ਜੋਗਿੰਦਰ ਨੇ ਜਿੰਨਾ ਵੀ ਸਮਾਂ ਆਪਣੀ ਖੇਡਣ ਦੀ ਸਫਰਦਾਰੀ ਵਿਚ ਖੇਡਾਂ ਦੇ ਮੁਤੱਲਕ ਗੁਜ਼ਾਰਿਆ ਉਹ ਨਿਸ਼ੱਕ ਕਾਬਲੇ ਤਾਰੀਫ਼ ਸੀ। ਅੱਜ ਵੀ ਜਦ ਕਦੀ ਇਸ ਖੇਡ ਸਰਤਾਜ਼ ਸ: ਜੋਗਿੰਦਰ ਸਿੰਘ ਟਾਈਗਰ ਦਾ ਦੀਦਾਰ ਹੋ ਜਾਦੈਂ ਤਾਂ ਦਿਲ ਮਾਣ ਨਾਲ ਭਰ ਜਾਂਦੈ ਕਿ ਇਹ ਮਹਾ ਪੰਜਾਬ ਦੇ ਪੇਂਡੂ ਖੇਡ ਮੇਲਿਆਂ ਦਾ ਸ਼ਿੰਗਾਰ ਤੇ ਸ਼ਾਨ ਸਾਡੇ ਨਿਮਾਣੇ ਜਿਹੇ ਪਿੰਡ ਦਾ ਮਾਣ ਹੈ। ਜਿਸ ਮੁਕਾਮ ਨੂੰ ਹਾਸਲ ਕਰਨਾ ਕੋਈ ਸੁਖ਼ਾਲਾ ਕਾਜ ਨਹੀਂ ਮਿੱਥਿਆ ਜਾ ਸਕਦਾ ਕਿਉਂਕਿ :-

ਕੌਡੀਆਂ ਦੇ ਮੁੱਲ ਤੱਕੜੀ 'ਚ ਤੁੱਲ ਕੇ,
ਔਖਾ ਈ ਬਥੇਰਾ ਆਫ਼ਤਾਬ ਜਾਪਣਾਂ।
ਮੱਤ ਤੋਂ ਉਚੇਰੀ ਗੱਲ ਨੂੰ ਵਿਆਹਵਣਾਂ,
ਪੁੱਜਵਾਂ ਵੀ ਤੋਲ ਕੇ ਜਵਾਬ ਥਾਪਣਾਂ।
ਲੱਜ-ਪੱਤ, ਖੱਟੀ-ਕੱਤਰੀ ਵਧਾਵਣੀਂ,
ਪੁਰਖ਼ਾਂ ਦਾ ਪੰਧ ਮਲੱਣਾਂ ਤੇ ਨਾਪਣਾਂ।
'ਗ਼ਾਫ਼ਲਾ' ਸੁਖ਼ਾਲਾ ਸਾਹਮਣਾਂ ਨਹੀਂ ਸੱਚ ਦਾ,
ਹੀਰਾ ਜਿਹਾ ਚੱਟਣਾ ਜ਼ੁਬਾਨੋਂ ਆਖਣਾਂ!!

ਭਾਲ ਬਾਕੀ ਹੈ

ਸਾਲ-ਦਰ-ਸਾਲ ਜਿਉਂ-ਜਿਉਂ ਉਮਰ ਦੇ ਵਰ੍ਹਿਆਂ ਨਾਲ ਸਾਂਝ ਪਈਂਦੀ ਹੈ ਤੇ ਬੋਧਿਕਤਾ ਤੇ ਜੋਬਨ ਦਾ ਖੁਮਾਰ ਠਾਠਾਂ ਮਾਰਦੈ ਤਾਂ ਕਿਸੇ ਵੀ ਨਜ਼ਰੀ ਪੈਂਦੀ ਚੀਜ ਬਾਰੇ ਜਾਨਣ ਦੀ ਤੇ ਉਸ ਦੀ ਹੋਂਦ ਬਾਰੇ ਸਮਝਣ ਦੀ ਚੇਟਕ ਆਪ ਮੁਹਾਰੇ ਲੱਗ ਜਾਂਦੀ ਹੈ। ਜਿਉਂ-ਜਿਉਂ ਇਨਸਾਨ ਉਮਰੋਂ ਸਿਆਣਪੁਣੇ ਦੀਆਂ ਹੱਦਾਂ ਪੈਡੇਂ ਤੈਅ ਕਰਦਾ ਜਾਂਦਾ ਹੈ। ਉਸਦੀ ਸਿਆਣਪੁਣੇ 'ਚ ਰੱਤੀ ਉਤਸੁਕਤਾ ਵਧਦੀ ਜਾਂਦੀ ਹੈ। ਕਿਸੇ ਵੀ ਲੇਖਣੀ ਦੇ ਕਿੱਤੇ ਨਾਲ ਜੁੜੇ ਮਨੁੱਖ ਦੀ ਚੇਟਕ ਆਮ ਮਨੁੱਖ ਤੋਂ ਵਧੇਰੇ ਹੁੰਦੀ ਹੈ।

ਪਿੰਡ ਦੀਆਂ ਗਲੀਆਂ 'ਚ ਨੰਗੇ ਪੈਰੀਂ ਪੈੜਾਂ-ਪੂਰਦਿਆਂ ਕਦੋਂ ਜੋਬਨ ਦੀ ਸਵੇਰ ਨੇ ਦਸਤਕ ਦਿੱਤੀ ਕੁਝ ਪਤਾ ਹੀ ਨਹੀਂ ਲੱਗਿਆ। ਜਦੋਂ ਕਦੀ ਬਾਲ ਪੁਣੇ ਵਿੱਚ ਪਿਤਾ ਪਾਸੋਂ ਜਾਂ ਦਾਦਾ ਜੀ ਪਾਸੋਂ ਪਿੰਡ ਦੇ ਪਿਛੋਕੜ ਬਾਰੇ ਜਾਂ ਇੱਥੋਂ ਦੇ ਇਤਿਹਾਸਕ ਸਰਮਾਏ ਬਾਰੇ ਪੁੱਛਦੇ ਤਾਂ ਕੋਈ ਵੀ ਦਿਲ ਖੁੱਭਵਾਂ ਹੁੰਗਾਰਾ ਨਹੀਂ ਸੀ ਮਿਲਦਾ ਪਰ ਜੋ ਵੀ ਮਿਲਦਾ ਉਹ ਨਿਆਣੀ ਮੱਤ ਵਿੱਚੋਂ ਮੁੱਠੀ ਭਰੀਚੀ ਰੇਤ ਵਾਂਗ ਕੁਝ ਚਿਰ ਬਾਦੀਂ ਰਿਸ ਜਾਂਦਾ। ਹੌਲੀ ਹੌਲੀ ਸਮੇਂ ਦੀ ਚੱਕੀ ਆਪਣੀ ਚਾਲੇ ਚਲਦੀ ਗਈ। ਪਰ ਹੁਣ ਜਦੋਂ ਮੇਰੀ ਕਲਮ ਜੁਆਨ ਹੋਈ ਤੇ ਆਪਣੇ ਨਿੱਕੇ-ਨਿੱਕੇ ਪੈਰਾਂ ਤੇ ਤੁਰਨ ਨੂੰ ਲੋਚਣ ਲੱਗੀ ਤਾਂ ਉਹ ਸਰਮਾਏ ਤੇ ਪਿਛੋਕੜ ਦੇ ਗਵਾਹਾਂ ਵਿੱਚੋਂ ਕਾਫ਼ੀ ਸਾਥ ਛੱਡ ਚੁੱਕੇ ਸਨ।

ਇਸ ਨਿੱਕੇ ਜਹੇ ਉਪਰਾਲੇ ਵਜੋਂ ਜੋ ਵੀ ਕੁਝ ਇਸ ਪਿਛੋਕੜ ਨੂੰ ਪੰਨਿਆਂ ਤੇ ਸੰਜੋਣ ਲਈ ਮਿਲਿਆ ਹੈ। ਕੋਸ਼ਿਸ਼ ਕੀਤੀ ਹੈ ਬੜੀ ਸ਼ਿੱਦਤ ਤੇ ਇਮਾਨਦਾਰੀ ਵਰਤੀ ਜਾਵੇ। ਪਰ ਕਿਆਸ ਤੇ ਭਾਲ ਹਾਲੇ ਖ਼ਤਮ ਨਹੀਂ ਹੋਈ। ਇਤਮਿਨਾਨ ਵਜੋਂ ਇਹ ਕੋਸ਼ਿਸ਼ ਲਾਜ਼ਮੀ ਹੈ ਕਿ ਜਦੋਂ ਕਦੀ ਵੀ ਕੁਝ ਨਵਾਂ ਸਰਮਾਇਆ ਝਲਕੇ ਤਾਂ ਕਲਮ ਦੀ ਅੱਖੋਂ ਪਰੋਖ਼ੇ ਨਾ ਹੋਵੇ। ਤਦ ਤੱਕ ਲਈ ਸਮੂਹ ਸਾਧ ਸੰਗਤ ਦੇ ਚਰਨੀ ਸੱਜਦੇ ਵਜੋਂ ਨਿੱਕੀ ਜਿਹੀ ਭੇਂਟ ਦੀ ਸੇਵਾ ਲੇਖੇ ਲੱਗੇ ਕਿਉਂਕਿ:-

ਸਮੇਂ ਦੀ ਚਾਲ ਬਾਕੀ ਹੈ,
ਲਿਖਣ ਦਾ ਸ਼ੌਂਕ ਹੈ ਮੈਨੂੰ।
ਅਜੇ ਮਲਾਲ ਬਾਕੀ ਹੈ।
ਟਿਕਣ ਦਾ ਸ਼ੌਂਕ ਹੈ ਮੈਨੂੰ।
ਨਹੀਂ ਹੀਰੇ ਕੌਡੀਉਂ ਤੁੱਲਦੇ,
ਜ਼ਰਾ ਜੋਹਰੀ ਨੂੰ ਪਰਖਣ ਦੇ।
ਮੇਰਾ ਸਵਾਲ ਬਾਕੀ ਹੈ,
ਵਿਕਣ ਦਾ ਸ਼ੌਂਕ ਹੈ ਮੈਨੂੰ।
ਮਸਲੇ ਪੇਚੀਦਾ ਹੋਣ ਤਾਂ,
ਮੁੱਦਤ ਨਹੀਂ ਵੇਖੀਦੀ।
'ਗ਼ਾਫ਼ਲ' ਭਾਲ ਬਾਕੀ ਹੈ,
ਮਿਟਣ ਦਾ ਸ਼ੌਂਕ ਹੈ ਮੈਨੂੰ।



ਹੱਸਣਾਂ ਤੂੰ ਫੁੱਲਾਂ ਕੋਲੋਂ ਸਿੱਖ ਸਜੱਣਾ।
ਇਹ ਦੁਨੀਆਂ ਕਿਸੇ ਦੀ ਨਹੀਉਂ ਮਿੱਤ ਸਜੱਣਾ।
ਪਾਣੀ ਡੁੱਲ੍ਹ ਜਾਣਾਂ ਕਰ ਤਿੱਪ-ਤਿੱਪ ਸਜੱਣਾ।
ਕੰਧ ਡਿੱਗ ਜਾਣੀਂ ਕਰ ਇੱਟ-ਇੱਟ ਸਜੱਣਾ।

ਇਸ ਫਾਨੀ ਖ਼ਲਕਤ ਦਾ ਹਰ ਮਿਆਰ ਸਮੇਂ ਦੀ ਚਾਲੇ ਹੋਂਦ ਵਿੱਚ ਆਏ ਇਨੰਕਲਾਬ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਪਰਿਵਰਤਨਸ਼ੀਲਤਾ ਦੇ ਚਲਦੇ ਨਵੇਂ ਮੰਜਰਾਂ ਤੋਂ ਮੁਖ਼ਾਤਿਬ ਹੁੰਦਿਆਂ ਸਾਨੂੰ ਪਿਛੋਕੜ ਦੇ ਸਰਮਾਏ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ। ਕਿਉਂਕਿ ਆਉਣ ਵਾਲੀਆਂ ਨਸਲਾਂ ਦੇ ਜ਼ਹਿਨ ਵਿੱਚ ਪਨਪੀਂਆਂ ਦੁਚਿੱਤੀਆਂ ਤੇ ਪਿਛੋਕੜ-ਪੜਚੋਲ ਦੀਆਂ ਤਾਘਾਂ ਦਾ ਹੱਲ ਇਹ ਵਿਰਸੇ ਦੇ ਸਾਂਭੇ ਮਿਆਰ ਤੇ ਯਾਦਾਂ ਹਨ। ਕਿਉਂਕਿ ਜੋ ਸਵਾਲ ਸਵਾਲ ਰਹਿ ਜਾਂਦੇ ਨੇ ਉਹਨਾਂ ਸਵਾਲਾਂ ਤੇ ਸਵਾਲ ਵੀ ਨਹੀਂ ਹੋਇਆ ਕਰਦੇ। ਮੈਂ ਕੋਈ ਸ਼ਾਇਰ ਜਾਂ ਲੇਖਕ ਨਹੀਂ ਜੇਹੜਾ ਇਸ ਔਕੜਾਂ ਭਰੇ ਪੈਂਡਿਆਂ ਤੇ ਖ਼ਰਾ ਉਤਰ ਸਕੇ। ਬਸ ਰੱਬ ਵਰਗੀ ਸਮੂਹ ਸਾਧ ਸੰਗਤ ਦਾ ਅੰਦਨਾ ਜਿਹਾ ਖ਼ਿਦਮਤਗ਼ਾਰ ਹਾਂ, ਜਦੋਂ ਤੀਕ ਸਾਹਾਂ ਦੇ ਮਣਕੇ ਜ਼ਿੰਦਗੀ ਦੀ ਤਸਵੀ ਵਿੱਚ ਪਰੋਏ ਰੈਹਣਗੇ, ਦਾਸਨ-ਦਾਸ ਖ਼ਿਦਮਤਰੱਤ ਰਹੇਗਾ।

- ਗੁਰਮੰਗਤ ਗ਼ਾਫ਼ਲ

ISBN 93-80672-22-5
9789380672229
Rs. 100/-

UDAAN PUBLICATIONS,
INDIA
MANSA-151505 (PUNJAB)
Phone : +91-1652-233087